ਬੁੱਧਵਾਰ, 24 ਜੂਨ, 2026
10 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 23

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 24 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਰਜਿੰਦਰ ਮੰਡ ਨੂੰ ਯਾਦ ਕਰਦਿਆਂ

**ਨਰਿੰਦਰ ਸੋਹਲ**



1991,93 ਦੌਰਾਨ ਕਾਮਰੇਡ ਰਜਿੰਦਰ ਮੰਡ ਤੇ ਕਾਮਰੇਡ ਬਲਕਾਰ ਵਲਟੋਹਾ ਨੇ ਏ ਆਈ ਐੱਸ ਐੱਫ ਪੰਜਾਬ ਦੇ ਸੂਬਾ ਸਕੱਤਰ ਤੇ ਪ੍ਰਧਾਨ ਦੀ ਜ਼ੁੰਮੇਵਾਰੀ ਨਿਭਾਈ ਸੀ। ਉਹਨਾ ਬਾਰੇ ਸੁਣਿਆ ਤਾਂ ਸੀ, ਪਰ ਮੇਰੀ ਜਾਣ-ਪਛਾਣ ਸਾਲ 2000 ਤੋਂ ਹੋਈ। ਜਦੋਂ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਹਰ ਸਾਲ 28 ਸਤੰਬਰ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਦੀ ਤਿਆਰੀ ਸੰਬੰਧੀ ਕਈ ਸਾਲ ਜਲੰਧਰ ਫੰਡ ਇਕੱਠਾ ਕਰਨ ਲਈ ਕੈਂਪ ਲਗਾਇਆ ਜਾਂਦਾ ਰਿਹਾ। ਜਲੰਧਰ ਹਰ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਰਜਿੰਦਰ ਮੰਡ ਹੀ ਹੁੰਦੇ ਤੇ ਨਾਲ ਸਹਾਇਕ ਵਜੋਂ ਕਾਮਰੇਡ ਰਸ਼ਪਾਲ ਕੈਲੇ ਤੇ ਸੰਦੀਪ ਦੌਲੀਕੇ ਵੀ ਸਨ। ਰਜਿੰਦਰ ਮੰਡ ਇੱਕ ਪ੍ਰਭਾਵਸ਼ਾਲੀ ਸ਼ਖਸੀਅਤ ਸਨ, ਜਿਨ੍ਹਾ ਦਾ ਸੁਭਾਅ ਬਹੁਤ ਵਧੀਆ ਸੀ। ਹਰ ਇੱਕ ਨੂੰ ਪਿਆਰ ਨਾਲ ਬੁਲਾਉਂਦੇ। ਮੈਨੂੰ ਜਲੰਧਰ ਜਦੋਂ ਵੀ ਕੋਈ ਕੰਮ ਹੋਣਾ ਤਾਂ ਝੱਟ ਉਹਨਾ ਨੂੰ ਫੋਨ ਕਰਨਾ। ਉਹਨਾ ਕਦੇ ਕਿਸੇ ਕੰਮ ਤੋਂ ਜਵਾਬ ਨਹੀਂ ਦਿੱਤਾ ਸੀ।

ਫਿਰ 'ਨਵਾਂ ਜ਼ਮਾਨਾ' ਕੰਮ ਕਰਨ ਲੱਗ ਪਈ ਤਾਂ ਕਈ ਵਾਰ ਉਥੇ ਮੁਲਾਕਾਤ ਹੋ ਜਾਣੀ। ਉਹਨਾ ਕੰਮਕਾਰ ਬਾਰੇ ਪੁੱਛਣਾ ਤੇ ਕਹਿਣਾ ਜੇ ਕੋਈ ਮੁਸ਼ਕਲ ਆਵੇ ਤਾਂ ਬੇਝਿਜਕ ਫੋਨ ਕਰ ਲਵੀਂ। 2017 ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ 19ਵਾਂ ਵਿਸ਼ਵ ਮੇਲਾ 'ਸੋਚੀ' ਰੂਸ ਵਿਖੇ ਲੱਗਿਆ, ਜਿਸ ਵਿੱਚ ਜਾਣ ਲਈ ਮੈਨੂੰ ਵੀ ਮੌਕਾ ਮਿਲਿਆ। ਖਰਚੇ ਲਈ ਕੁਝ ਪੈਸੇ ਚਾਹੀਦੇ ਸੀ ਤਾਂ ਰਜਿੰਦਰ ਮੰਡ ਜੀ ਨਾਲ ਗੱਲ ਕੀਤੀ। ਉਹਨਾ ਖੁਸ਼ ਹੋ ਕੇ ਮਦਦ ਕੀਤੀ, ਅਸਲ ਵਿੱਚ ਉਹ ਹਰ ਲੋੜਵੰਦ ਨੂੰ ਮਦਦ ਤੋਂ ਕਦੇ ਨਾਂਹ ਨਹੀਂ ਕਰਦੇ ਸਨ। ਪਤਾ ਨਹੀਂ ਕਿੰਨਿਆਂ ਦੀ ਉਹਨਾ ਆਰਥਿਕ ਮਦਦ ਕੀਤੀ ਸੀ। 2019 ਤੋਂ ਬਾਅਦ ਕਿਸੇ ਕਾਰਨ ਮੈਂ 28 ਸਤੰਬਰ ਨੂੰ ਜਲੰਧਰ ਜਾਣਾ ਬੰਦ ਕਰ ਦਿੱਤਾ ਸੀ। ਉਹ ਫੋਨ ਕਰਦੇ ਤੇ ਕਹਿੰਦੇ ਸਾਰੇ ਆਏ, ਪਰ ਤੇਰਾ ਨਾ ਆਉਣਾ ਰੜਕਦਾ। ਇਥੇ ਆਇਆ ਕਰ, ਕਿਸੇ ਗੱਲ ਦੀ ਫ਼ਿਕਰ ਨਹੀਂ ਕਰਨੀ। ਮੈਂ ਹਾਂ ਇਥੇ ਸਭ ਸੰਭਾਲ ਲਵਾਂਗਾ, ਪਰ ਮੇਰਾ ਮਨ ਜਿਹਾ ਨਾ ਮੰਨਿਆ ਜਾਣ ਲਈ, ਪਰ ਉਹ ਗੱਲਬਾਤ ਕਰਦੇ ਰਹਿੰਦੇ।

ਕਦੇ ਕਾਨੂੰਨ ਨਾਲ ਸੰਬੰਧਤ ਕੋਈ ਜਾਣਕਾਰੀ ਦੀ ਲੋੜ ਹੁੰਦੀ ਤਾਂ ਤੁਰੰਤ ਉਹਨਾ ਦਾ ਨਾਂਅ ਹੀ ਸਾਹਮਣੇ ਆਉਂਦਾ। ਬੇਝਿਜਕ ਜਦੋਂ ਮਰਜ਼ੀ ਫੋਨ ਕਰ ਲੈਣਾ ਤੇ ਉਹਨਾ ਖਿੜੇ ਮੱਥੇ ਸਵੀਕਾਰ ਕਰਦਿਆਂ ਮਦਦ ਕਰਨੀ। 2023 ਵਿੱਚ ਮੈਨੂੰ 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੀ ਟਰੱਸਟੀ ਚੁਣਿਆ ਗਿਆ ਤਾਂ ਸਭ ਤੋਂ ਪਹਿਲਾ ਫੋਨ ਉਹਨਾ ਦਾ ਹੀ ਸੀ। ਬਹੁਤ ਖੁਸ਼ ਹੁੰਦਿਆਂ ਮੁਬਾਰਕਬਾਦ ਦਿੱਤੀ। ਅਚਾਨਕ ਪਿਛਲੇ ਸਾਲ ਕਾਮਰੇਡ ਗੁਰਮੀਤ ਸ਼ੁਗਲੀ ਜੀ ਦੀ ਆਪਣੇ ਛੋਟੇ ਬੇਟੇ ਰਮਨ ਕੋਲ ਅਮਰੀਕਾ ਵਿੱਚ ਮੌਤ ਹੋ ਗਈ। ਅਫਸੋਸ ਲਈ ਫੋਨ ਕੀਤਾ ਤਾਂ ਕਹਿੰਦੇ ਸ਼ੁਗਲੀ ਸਾਹਿਬ ਜ਼ਿੰਦਗੀ ਜਿਊਣ ਦਾ ਵਧੀਆ ਸਲੀਕਾ ਦੱਸ ਗਏ ਹਨ। ਫਿਰ ਉਹਨਾ ਦਾ ਫੋਨ ਆਇਆ ਕਿ ਆਪਾਂ ਸ਼ੁਗਲੀ ਜੀ ਦੀ ਯਾਦ ਵਿੱਚ 'ਜ਼ਿੰਦਗੀ ਦਾ ਜਸ਼ਨ' ਮਨਾ ਰਹੇ ਹਾਂ, ਹਾਜ਼ਰੀ ਲਗਵਾਈਂ।

ਅਗਸਤ 2025 ਵਿੱਚ ਐਡਵੋਕੇਟ ਗੁਰਮੀਤ ਸ਼ੁਗਲੀ ਟਰੱਸਟ ਵੱਲੋਂ ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ ਨੂੰ ਸਮਰਪਿਤ ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ ਜਲੰਧਰ ਵਿਖੇ ਕੀਤਾ ਗਿਆ, ਜੋ ਪੱਤਰਕਾਰੀ ਨਾਲ ਸੰਬੰਧਤ ਸੀ। ਮੈਨੂੰ ਫੋਨ ਕਰਕੇ ਸਾਰਾ ਪ੍ਰੋਗਰਾਮ ਦੱਸਿਆ ਤੇ ਕਿਹਾ ਕਿ ਬੁਲਾਰਿਆਂ ਵਿੱਚ ਤੇਰਾ ਨਾਂਅ ਪਾਇਆ ਹੈ। ਉਸ ਤੋਂ ਬਾਅਦ ਜਦੋਂ ਉਹਨਾ ਨੂੰ ਫੋਨ ਕਰਨਾ ਗੱਲਬਾਤ ਤੋਂ ਇੰਜ ਲੱਗਣਾ, ਜਿਵੇਂ ਉਹ ਸ਼ੁਗਲੀ ਜੀ ਦੀ ਮੌਤ ਤੋਂ ਬਾਅਦ ਅੰਦਰੋਂ ਟੁੱਟ ਗਏ ਹੋਣ।

4 ਮਈ ਨੂੰ ਜਲੰਧਰ ਟਰੱਸਟ ਦੀ ਮੀਟਿੰਗ ਦੌਰਾਨ ਆਖਰੀ ਵਾਰ ਮਿਲੀ ਸੀ। ਉਹ ਮੇਰੇ ਕੋਲ ਹੀ ਬੈਠੇ ਗੱਲਬਾਤ ਕਰਦੇ ਰਹੇ, ਪਰ ਮੀਟਿੰਗ ਖਤਮ ਹੋਣ ਤੋਂ ਪਹਿਲਾਂ ਹੀ ਚਲੇ ਗਏ। ਉਸ ਦਿਨ ਵੀ ਉਹ ਠੀਕ ਨਹੀਂ ਲੱਗ ਰਹੇ ਸਨ। ਫਿਰ ਮਈ ਦੇ ਅਖੀਰਲੇ ਹਫ਼ਤੇ ਫ਼ੋਨ ਆਇਆ ਕਿ ਨਰਿੰਦਰ 5 ਜੂਨ ਨੂੰ ਸ਼ੁਗਲੀ ਜੀ ਦੀ ਪਹਿਲੀ ਬਰਸੀ ਮਨਾ ਰਹੇ ਹਾਂ, ਜਿਸ ਵਿੱਚ ਰਿਸ਼ਤੇਦਾਰ ਤੇ ਕੁਝ ਚੋਣਵੇਂ ਦੋਸਤਾਂ ਨੂੰ ਸੱਦਾ ਦਿੱਤਾ ਹੈ। ਤੂੰ ਸਾਡੀ ਭੈਣ ਏਂ ਜ਼ਰੂਰ ਆਈਂ, ਨਾਲੇ ਛੋਟਾ ਰਮਨ ਵੀ ਵਿਦੇਸ਼ ਤੋਂ ਆਇਆ ਹੋਇਆ, ਉਸ ਨੂੰ ਮਿਲ ਲਵੇਂਗੀ। ਹੋਰ ਵੀ ਕਈ ਗੱਲਾਂ ਕੀਤੀਆਂ ਕਿ ਸ਼ੁਗਲੀ ਜੀ ਨੂੰ ਇੰਜ ਯਾਦ ਕਰਿਆ ਕਰਾਂਗੇ ਵਗੈਰਾ-ਵਗੈਰਾ, ਪਰ ਮੇਰੀ ਇੱਕ ਮਜਬੂਰੀ ਸੀ ਕਿ ਮੈਂ ਉਸ ਦਿਨ ਦਿੱਲੀ ਮੀਟਿੰਗ ਵਿੱਚ ਸ਼ਾਮਲ ਹੋਣਾ ਸੀ। ਨਾ ਆਉਣ ਲਈ ਮੁਆਫ਼ੀ ਮੰਗੀ, ਕਹਿੰਦੇ ਚੱਲ ਕੋਈ ਨਹੀਂ, ਪਰ ਕੁਝ ਲਿਖ ਸਕਦੀ ਤਾਂ ਲਿਖ ਕੇ ਭੇਜ ਦੇਵੀਂ। ਕਿਸੇ ਕੰਮ ਵਿੱਚ ਰੁਝੇ ਹੋਣ ਕਾਰਨ ਲਿਖ ਵੀ ਨਾ ਸਕੀ। ਫਿਰ ਉਹਨਾ ਦੀ ਮੌਤ ਦੀ ਖ਼ਬਰ ਆ ਗਈ। ਇਕ ਦਮ ਧੱਕਾ ਜਿਹਾ ਲੱਗਾ ਕਿ ਅਚਾਨਕ ਕੀ ਹੋ ਗਿਆ। ਇਹ ਬਹੁਤ ਦੁਖਦਾਇਕ ਸੀ, ਅਫਸੋਸ ਹੋਇਆ ਕਿ ਜੇ ਪਤਾ ਹੁੰਦਾ ਇੰਜ ਹੋ ਜਾਣਾ ਤਾਂ 5 ਜੂਨ ਨੂੰ ਗੈਰਹਾਜ਼ਰ ਨਾ ਹੁੰਦੀ। ਪਰਵਾਰ ਲਈ ਇਹ ਵੱਡਾ ਸਦਮਾ ਏ, ਇਕ ਸਾਲ ਦੇ ਅੰਦਰ ਹੀ ਦੋਵੇਂ ਪਿਓ-ਪੁੱਤ ਤੁਰ ਗਏ ਹਨ। ਬਜ਼ੁਰਗ ਮਾਂ ਦੇ ਸਾਹਮਣੇ ਜਵਾਨ ਪੁੱਤ ਹੱਥੋਂ ਰੇਤ ਵਾਂਗ ਕਿਰ ਗਿਆ। ਪਤਨੀ ਹਰਦੀਪ ਮੰਡ ਤੇ ਬੱਚਿਆਂ ਲਈ ਵੀ ਇਹ ਘਾਟ ਕਦੇ ਪੂਰੀ ਨਹੀਂ ਹੋਣੀ। ਛੋਟਾ ਭਰਾ ਰਮਨ ਵਿਦੇਸ਼ ਰਹਿੰਦਿਆਂ ਪੰਜਾਬ ਵਸਦੇ ਪਰਵਾਰ ਵੱਲੋਂ ਬੇਫ਼ਿਕਰ ਸੀ, ਪਰ ਹੁਣ ਦੋਹਰੀ ਜ਼ੁੰਮੇਵਾਰੀ ਨਿਭਾਉਣਾ ਅਸਾਨ ਨਹੀਂ।

ਰਜਿੰਦਰ ਮੰਡ ਜੀ ਦਾ ਬੇਵਕਤ ਤੁਰ ਜਾਣਾ ਸਾਡੇ ਸਾਰਿਆਂ ਲਈ ਬਹੁਤ ਵੱਡਾ ਘਾਟਾ ਹੈ। ਉਹ ਤਾਂ ਸ਼ੁਗਲੀ ਜੀ ਦੀਆਂ ਯਾਦਾਂ ਨੂੰ ਅਮਰ ਕਰਨਾ ਚਾਹੁੰਦੇ ਸਨ, ਪਰ ਆਪ ਹੀ ਇੱਕ ਯਾਦ ਬਣ ਗਏ।

*# ਸੰਪਰਕ : 94641-13255*

# ਉਠ ਗਏ ਗੁਆਢੋਂ ਯਾਰ...

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਰਜਿੰਦਰ ਸਿੰਘ ਮੰਡ ਐਡਵੋਕੇਟ ਦੀ ਸਿਹਤ ਦੀ ਚਿੰਤਾ 'ਨਵਾਂ ਜ਼ਮਾਨਾ' ਦੇ ਐਡੀਟਰ ਚੰਦ ਸਿੰਘ ਫਤਹਿਪੁਰੀ ਨੂੰ ਵੀ ਬਹੁਤ ਸੀ। ਜਦੋਂ ਮੈਂ 'ਨਵਾਂ ਜ਼ਮਾਨਾ' ਵਿਖੇ ਉਨ੍ਹਾ ਨੂੰ ਉਪਰ ਮਿਲਣ ਜਾਣਾ ਤੇ ਉਨ੍ਹਾ ਕਹਿਣਾ-ਮੰਡ ਫੋਨ ਨਹੀਂ ਚੁੱਕ ਰਿਹਾ, ਸਿਹਤ ਠੀਕ ਹੋਵੇ। ਮੈਂ ਕਹਿਣਾ-ਮੈਂ ਫੋਨ ਕਰਾਂਗਾ ਤੇ ਤੁਹਾਨੂੰ ਦੱਸਾਂਗਾ, ਪਰ ਮੰਡ ਨੇ ਕਈ ਵਾਰ ਮੇਰਾ ਵੀ ਫੋਨ ਨਾ ਚੁੱਕਣਾ।ਜਦੋਂ ਚੱਕ ਲੈਣਾ ਮੈਂ ਦੱਸ ਦੇਣਾ ਕਿ ਮੰਡ ਕਹਿੰਦਾ-ਮੈਂ ਠੀਕ-ਠਾਕ ਹਾਂ-ਉਂਝ ਮੈਨੂੰ ਥੋੜ੍ਹਾ ਥੋੜ੍ਹਾ ਬੁਖਾਰ ਹੈ।

ਮੰਡ ਜੀ ਦੇ ਪਿਤਾ ਗੁਰਮੀਤ ਸ਼ੁਗਲੀ ਦੀ ਪਹਿਲੀ ਬਰਸੀ 5 ਜੂਨ 2026 ਨੂੰ ਉਨ੍ਹਾ ਦੀ ਅਗਵਾਈ ਹੇਠ ਮਨਾਈ ਗਈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦਾ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਨਾਮਵਰ ਬੁੱਧੀਜੀਵੀਆਂ, ਰਾਜਨੀਤੀਵਾਨਾਂ ਅਤੇ ਵਕੀਲਾਂ ਨਾਲ ਭਰਿਆ ਪਿਆ ਸੀ।ਮੈਂ ਤੇ ਮੇਰੇ ਨਾਲ ਦੀ ਰੁਪਿੰਦਰ ਕੌਰ ਮਾੜੀਮੇਘਾ ਨੇ ਵੀ ਆਪਣੇ ਪਿਤਾ ਸਮਾਨ ਸ਼ੁਗਲੀ ਜੀ ਨੂੰ ਦਿਲ ਦੀ ਡੂੰਘਾਈ 'ਚੋਂ ਸ਼ਰਧਾਂਜਲੀ ਅਰਪਿਤ ਕੀਤੀ। ਆਏ ਹੋਏ ਪਤਵੰਤਿਆਂ ਦਾ ਧੰਨਵਾਦ ਜਸ ਮੰਡ ਨੇ ਕੀਤਾ।ਦੋ ਤਿੰਨ ਦਿਨ ਬਾਅਦ ਮੈਂ ਚੰਦ ਫਤਹਿਪੁਰੀ ਦੇ ਦਫਤਰ 'ਚੋਂ ਨਿਕਲਿਆ ਤੇ ਓਧਰੋਂ ਪੌੜੀਆਂ 'ਚੋਂ ਕੁਲਵੰਤ ਸਿੰਘ ਉਰਫ ਕਾਕਾ ਲਾਈਟ ਐਂਡ ਸਾਊਂਡ ਵਾਲਾ ਨਿਕਲ ਆਇਆ।ਮੈਂ ਉਸ ਨੂੰ ਕੁਝ ਮਖੌਲ ਵਿੱਚ ਸ਼ਬਦ ਕਹੇ। ਉਹ ਕਹਿੰਦਾ-ਰਜਿੰਦਰ ਮੰਡ ਗੋਚਰਾ ਕੰਮ ਹੈ, ਉਸ ਨੂੰ ਫੋਨ ਕਰਿਓ। ਮੈਂ ਕਿਹਾ ਥੱਲੇ ਦਫਤਰ ਜਾ ਕੇ ਕਰਦੇ ਹਾਂ।

ਮੈਂ ਰਜਿੰਦਰ ਮੰਡ ਨੂੰ ਫੋਨ ਕੀਤਾ ਤੇ ਉਸ ਨੇ ਚੁੱਕ ਲਿਆ ਅਤੇ ਉਹ ਢਿੱਲੀ ਜਿਹੀ ਆਵਾਜ਼ ਵਿੱਚ ਬੋਲਿਆ।ਕਹਿੰਦਾ, ਮੈਂ ਠੀਕ ਨਹੀਂ, ਡਾਕਟਰ ਨੂੰ ਵਿਖਾਉਣ ਆਏ ਹਾਂ, ਲਗਦਾ ਹੈ ਉਸ ਨੇ ਦਾਖਲ ਕਰ ਲੈਣਾ।ਮੈਂ ਉਪਰ ਜਾ ਕੇ ਨੂੰ ਦੱਸਿਆ, ਉਹ ਚਿੰਤਾ ਵਿੱਚ ਪੈ ਗਏ।ਅਗਲੇ ਅਗਲੇਰੇ ਦਿਨ ਫਤਿਹਪੁਰੀ ਕਹਿੰਦੇ ਮੰਡ ਫੋਨ ਚੱਕਦਾ ਨਹੀਂ, ਕੱਟ ਦੇਂਦਾ ਹੈ।ਮੈਂ ਵੀ ਫੋਨ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਾ ਚੁੱਕਿਆ। ਮੈਂ ਉਨ੍ਹਾ ਨੂੰ ਕਿਹਾ-ਰਾਜੇਸ਼ ਥਾਪੇ ਨੂੰ ਆਖਦੇ ਹਾਂ, ਉਹ ਮੰਡ ਬਾਰੇ ਪਤਾ ਕਰਕੇ ਦੱਸੇ।

ਰਾਜੇਸ਼ ਥਾਪਾ 'ਨਵਾਂ ਜ਼ਮਾਨਾ' ਦਾ ਸੀਨੀਅਰ ਪੱਤਰਕਾਰ ਅਤੇ ਪ੍ਰੈੱਸ ਕਲੱਬ ਜਲੰਧਰ ਦਾ ਸੀਨੀਅਰ ਮੀਤ ਪ੍ਰਧਾਨ ਹੈ। ਕੁਝ ਚਿਰ ਬਾਅਦ ਜਦੋਂ ਮੈਂ ਥਾਪੇ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ-ਮੈਂ ਤੁਹਾਨੂੰ ਫੋਨ ਕਰਨ ਲੱਗਾ ਸੀ ਕਿ ਉਹ ਪ੍ਰਾਈਵੇਟ ਪੀ ਜੀ ਆਈ ਹਸਪਤਾਲ ਦਾਖਲ ਹੈ, ਮੈਂ ਫਤਿਹਪੁਰੀ ਨੂੰ ਦੱਸਿਆ।ਉਹ ਵੀ ਜ਼ਿਆਦਾ ਠੀਕ ਨਹੀਂ ਰਹਿੰਦੇ। ਉਹ ਕਹਿੰਦੇ ਮੈਨੂੰ ਪੂਰੀ ਭੁੱਖ ਨਹੀਂ ਲਗਦੀ ਤੇ ਮੈਂ ਆਪਣੇ ਭਤੀਜੇ ਨਾਲ ਗੱਲ ਕੀਤੀ ਹੈ, ਉਹ ਕਹਿੰਦਾ-ਚਾਚਾ ਜੀ, ਤਿੰਨ-ਚਾਰ ਦਿਨ ਤੁਸੀਂ ਆਪਣੇ ਪਿੰਡ ਫਤਿਹਪੁਰ ਭੰਗਵਾਂ ਆ ਜਾਓ ਲੱਸੀ ਪੀਣ ਨਾਲ ਠੀਕ ਹੋ ਜਾਓਂਗੇ।ਉਨ੍ਹਾ ਮੈਨੂੰ ਕਿਹਾ-ਮੈਂ ਤੇ ਸੈਦਪੁਰੀ ਪਿੰਡ ਨੂੰ ਜਾਂਦੇ ਹੋਏ ਮੰਡ ਦਾ ਪਤਾ ਲੈ ਕੇ ਜਾਂਵਾਂਗੇ। ਜਦੋਂ ਉਹ ਹਸਪਤਾਲ ਪਹੁੰਚੇ ਤਾਂ ਉਸ ਨੂੰ ਛੁੱਟੀ ਮਿਲ ਗਈ ਸੀ।

ਰਜਿੰਦਰ ਸਿੰਘ ਮੰਡ ਨੂੰ ਸਰੀਰ ਤੰਦਰੁਸਤ ਹੋਣ 'ਤੇ ਛੁੱਟੀ ਨਹੀਂ ਸੀ ਮਿਲੀ, ਅਸਲ ਵਿੱਚ ਤਾਂ ਹਸਪਤਾਲ ਵਾਲਿਆਂ ਜਵਾਬ ਦੇ ਦਿੱਤਾ ਸੀ ਕਿ ਤੁਸੀਂ ਹੋਰ ਕਿਸੇ ਹਸਪਤਾਲ ਲਿਜਾ ਸਕਦੇ ਹੋ।ਮੰਡ ਦਾ ਪ੍ਰਵਾਰ ਉਨ੍ਹਾ ਨੂੰ ਡੀ ਐੱਮ ਸੀ (ਦਯਾਨੰਦ ਮੈਡੀਕਲ ਕਾਲਜ ਐਂਡ ਹਸਪਤਾਲ) ਲੁਧਿਆਣੇ ਲੈ ਗਿਆ।ਜਾਣਕਾਰੀ ਅਨੁਸਾਰ ਡੀ ਐੱਮ ਸੀ ਵਿੱਚ ਡਾਕਟਰ ਮੰਡ ਦਾ ਬਲੱਡ ਪਰੈਸ਼ਰ ਤਾਂ ਉੱਪਰ ਚੁੱਕਣ ਵਿੱਚ ਕਾਮਯਾਬ ਹੋ ਗਏ, ਪਰ ਸ਼ੂਗਰ 25-30 ਤੋਂ ਉਪਰ ਨਾ ਉੱਠੀ। ਇਸ ਪ੍ਰਸਥਿਤੀ ਵਿੱਚ ਉਨ੍ਹਾ ਦੀ ਮੌਤ ਹੋ ਗਈ।

ਇਹ ਮਨਹੂਸ ਖ਼ਬਰ ਮੈਨੂੰ ਸਵਰਨ ਸਿੰਘ ਟਹਿਣੇ ਤੋਂ 17 ਜੂਨ ਨੂੰ ਸਵੇਰੇ 9 ਵਜੇ 'ਨਵਾਂ ਜ਼ਮਾਨਾ' ਦਫਤਰ ਵਿਖੇ ਮਿਲੀ।ਮੈਂ 'ਨਵਾਂ ਜ਼ਮਾਨਾ' ਦਫਤਰ ਕਰੀਬ ਪੌਣੇ 9 ਵਜੇ ਆ ਜਾਂਦਾ ਹਾਂ।ਮੈਂ ਟਹਿਣੇ ਨੂੰ ਕਿਹਾ-ਇਹ ਸੱਚ ਨਹੀਂ ਹੋ ਸਕਦਾ, ਤੈਨੂੰ ਕਿਥੋਂ ਪਤਾ ਲੱਗਾ ਹੈ।ਉਸ ਨੇ ਕਿਹਾ-ਸਾਡੇ ਦੋਹਾਂ ਦਾ ਇੱਕ ਦੋਸਤ ਵਿਦੇਸ਼ ਰਹਿੰਦਾ ਹੈ, ਮੈਨੂੰ ਉਸ ਦਾ ਫੋਨ ਆਇਆ ਸੀ। ਮੈਂ ਵੀ ਉਸ ਦੇ ਫੋਨ 'ਤੇ ਯਕੀਨ ਨਹੀਂ ਸੀ ਕੀਤਾ।ਫਿਰ ਮੈਂ ਸੌਦਾਗਰ ਸਿੰਘ ਤੋਂ ਕਨਫਰਮ ਕੀਤਾ ਤੇ ਫਿਰ ਮੈਨੂੰ ਯਕੀਨ ਹੋਇਆ। ਸੌਦਾਗਰ ਸਿੰਘ ਗੁਰਮੀਤ ਸਿੰਘ ਸ਼ੁਗਲੀ ਜੀ ਅਤੇ ਰਜਿੰਦਰ ਮੰਡ ਦਾ ਲੰਮਾ ਸਮਾਂ ਮੁਨਸ਼ੀ ਰਿਹਾ ਹੈ।ਫਿਰ ਮੈਂ ਵੀ ਸੌਦਾਗਰ ਸਿੰਘ ਨੂੰ ਫੋਨ ਕੀਤਾ ਤੇ ਯਕੀਨ ਹੋਇਆ ਕਿ ਬਹੁਤ ਹੀ ਪਿਆਰਾ ਛੋਟਾ ਵੀਰ ਤੇ ਗੂੜ੍ਹਾ ਮਿੱਤਰ ਸਾਥੋਂ ਸਦਾ ਲਈ ਵਿੱਛੜ ਚੁੱਕਾ ਹੈ।

ਮੈਂ ਇਹ ਖਬਰ ਫੋਨ ਰਾਹੀਂ ਚੰਦ ਹੁਰਾਂ ਨੂੰ ਦਿੱਤੀ। ਉਨ੍ਹਾ ਬਹੁਤ ਸ਼ੋਕ ਗ੍ਰਸਤ ਕੀਤਾ। ਮੰਡ ਜੀ ਦੀ ਮੌਤ ਬਾਰੇ ਮੈਂ ਸੀ ਪੀ ਆਈ ਦੇ ਪੰਜਾਬ ਇਕਾਈ ਦੇ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੂੰ ਦੱਸਿਆ।ਅਫਸੋਸ ਜ਼ਾਹਰ ਕਰਨ ਤੋਂ ਬਾਅਦ ਉਨ੍ਹਾ ਕਿਹਾ ਮਾੜੀਮੇਘਾ ਸਾਥੀਆਂ ਦੀ ਜਾਣਕਾਰੀ ਲਈ ਪਾਰਟੀ ਗਰੁੱਪ ਵਿੱਚ ਪੋਸਟ ਪਾ ਦੇ। ਮੈਂ ਪੋਸਟ ਪਾ ਦਿੱਤੀ।ਫਿਰ ਹਰਦੇਵ ਸਿੰਘ ਅਰਸ਼ੀ, ਬੰਤ ਸਿੰਘ ਬਰਾੜ, ਜਗਰੂਪ ਅਤੇ ਹੋਰ ਸਾਥੀਆਂ ਨੇ ਫੋਨ ਰਾਹੀਂ ਦੁੱਖ ਪ੍ਰਗਟ ਕੀਤਾ।ਆਪਣੇ ਪਿੰਡ ਫਤਿਹਪੁਰ ਭੰਗਵਾਂ ਤੋਂ ਚੰਦ ਫਤਿਹਪੁਰੀ, ਗਿਆਨ ਸੈਦਪੁਰੀ ਅਤੇ ਉਨ੍ਹਾ ਦਾ ਭਤੀਜਾ ਗੁਰਜੀਤ ਸਿੰਘ ਪੁੱਤਰ ਗੁਰਪਾਲ ਸਿੰਘ ਦਫਤਰ ਆ ਗਏ।ਫਿਰ ਅਸੀਂ ਚਾਰੇ ਜਾਣੇ ਰਜਿੰਦਰ ਮੰਡ ਦੇ ਪਿੰਡ ਮੰਡ ਮੌੜ ਗਏ।ਰਜਿੰਦਰ ਮੰਡ ਦੀ ਮਾਂ ਮਹਿੰਦਰ ਕੌਰ, ਮੰਡ ਦੀ ਪਤਨੀ ਹਰਦੀਪ ਕੌਰ ਅਤੇ ਪੁੱਤਰ ਮਨਰਾਜ ਸਿੰਘ ਮੰਡ ਨਾਲ ਅਫਸੋਸ ਕੀਤਾ।ਸਾਡੇ ਜਾਣ ਤੋਂ ਪਹਿਲਾਂ ਉੱਥੇ ਕਾਲਮ ਨਵੀਸ ਤੇ ਸ਼ੁਗਲੀ ਜੀ ਦੇ ਬਹੁਤ ਹੀ ਨੇੜਲੇ ਸਾਥੀ ਸਤਨਾਮ ਸਿੰਘ ਚਾਨਾ, ਰਾਜੇਸ਼ ਥਾਪਾ ਆਦਿ ਸਾਥੀ ਤੇ ਰਿਸ਼ਤੇਦਾਰ ਪਹੁੰਚੇ ਹੋਏ ਸਨ।ਫੈਸਲਾ ਹੋਇਆ ਕਿ 18 ਜੂਨ ਨੂੰ ਰਾਤ ਨੂੰ ਰਜਿੰਦਰ ਮੰਡ ਦਾ ਛੋਟਾ ਭਰਾ ਰਮਨਜੀਤ ਸਿੰਘ ਮੰਡ ਅਤੇ ਉਨ੍ਹਾ ਦੀ ਧੀ ਮਨਪ੍ਰੀਤ ਕੌਰ ਮੰਡ ਵਿਦੇਸ਼ ਤੋਂ ਆ ਜਾਣਗੇ, ਫਿਰ 19 ਜੂਨ ਨੂੰ ਪਿੰਡ ਮੰਡ ਵਿਖੇ ਹੀ ਸਸਕਾਰ ਕੀਤਾ ਜਾਵੇਗਾ।

ਮੰਡ ਦੇ ਅੰਤਮ ਸੰਸਕਾਰ 'ਤੇ ਪਹੁੰਚਣ ਤੋਂ ਪਹਿਲਾਂ ਮੈਂ, ਰੁਪਿੰਦਰ ਕੌਰ ਮਾੜੀਮੇਘਾ ਅਤੇ ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਬਾਸਰਕੇ ਕਾਮਰੇਡ ਸੋਹਣ ਦੇ ਪਿੰਡ ਉਨ੍ਹਾ ਦੇ ਪ੍ਰਵਾਰ ਦੀ ਸੁੱਖ-ਸਾਂਦ ਦਾ ਪਤਾ ਲੈਣ ਲਈ ਪਿੰਡ ਫਰੀਦਪੁਰ ਚਲੇ ਗਏ।ਫਰੀਦਪੁਰ ਪਿੰਡ ਮੰਡ ਮੌੜ ਦੇ ਦੂਜੇ ਪਾਸੇ ਹੈ।ਇਥੋਂ ਅਸੀਂ ਰਜਿੰਦਰ ਮੰਡ ਦੇ ਘਰ ਪਹੁੰਚ ਗਏ।ਜਾਂਦਿਆਂ ਨੂੰ ਰਜਿੰਦਰ ਮੰਡ ਦੀ ਮਾਂ, ਪਤਨੀ, ਧੀ ਅਤੇ ਸਾਰਾ ਪਰਵਾਰ ਭੁੱਬਾਂ ਮਾਰ-ਮਾਰ ਰੋ ਰਿਹਾ ਸੀ।ਰਜਿੰਦਰ ਸਿੰਘ ਮੰਡ ਦੀ ਦੇਹ 'ਤੇ ਸੀ ਪੀ ਆਈ ਦੇ ਸੂਬਾਈ ਆਗੂ ਬੰਤ ਸਿੰਘ ਬਰਾੜ, ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਪ੍ਰਧਾਨ ਰਛਪਾਲ ਸਿੰਘ ਬੜਾ ਪਿੰਡ, ਜਗਰੂਪ, ਚੰਦ ਸਿੰਘ ਫਤਿਹਪੁਰੀ, ਕੁਲਦੀਪ ਭੋਲਾ, ਰਛਪਾਲ ਕੈਲੇ, ਗਿਆਨ ਸਿੰਘ ਸੈਦਪੁਰੀ, ਪਿਰਥੀਪਾਲ ਸਿੰਘ ਮਾੜੀਮੇਘਾ, ਸੁਕੀਰਤ ਤੇ ਜਸ ਮੰਡ ਨੇ ਬਾਕੀ ਸਾਥੀਆਂ ਨਾਲ ਝੰਡਾ ਪਾਇਆ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗਰਮੀਤ, ਟਰੱਸਟੀ ਮੰਗਤ ਰਾਮ ਪਾਸਲਾ,ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ ਤੇ ਕੇਸਰ ਸਮੇਤ ਸਾਥੀਆਂ ਨੇ ਗਦਰ ਪਾਰਟੀ ਦਾ ਝੰਡਾ ਪਾ ਕੇ ਮੰਡ ਨੂੰ ਇਨਕਲਾਬੀ ਸਲਾਮੀ ਦਿੱਤੀ।

ਰਜਿੰਦਰ ਸਿੰਘ ਮੰਡ ਨਾਲ ਮੇਰੀ ਜ਼ਿਆਦੀ ਨੇੜਤਾ 28 ਸਤੰਬਰ 1997 ਤੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨਾਉਣ ਤੋਂ ਹੋਈ ਸੀ।ਅਸੀਂ ਕਰੀਬ ਚਾਰ ਸਾਥੀ ਰਜਿੰਦਰ ਮੰਡ, ਸੋਹਣ ਫਰੀਦਪੁਰ, ਰਜੇਸ਼ ਥਾਪਾ ਅਤੇ ਮੈਂ ਹੀ ਹਰ ਸਾਲ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦੇ ਸਮਾਗਮ ਦੀ ਤਿਆਰੀ ਕਰਦੇ ਸਾਂ।ਸੌਦਾਗਰ ਸਿੰਘ ਵੀ ਮੁਨਸ਼ੀ ਦੇ ਕੰਮ ਤੋਂ ਵਕਤ ਕੱਢ ਕੇ ਸਾਡਾ ਸਾਥ ਦਿੰਦਾ ਸੀ।

ਮੈਂ ਆਪਣੇ ਤੇ ਆਪਣੇ ਸਾਥੀਆਂ ਵੱਲੋਂ ਰਜਿੰਦਰ ਸਿੰਘ ਮੰਡ ਨੂੰ ਇਨਕਲਾਬੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

**ਫੋਨ : 98760-78731**

# ਮੰਡ ਜਦੋਂ ਵੀ ਯਾਦ ਆਉਣਗੇ ਧੁਰ ਅੰਦਰੋਂ ਹੂਕ ਨਿਕਲੇਗੀ

**ਗਿਆਨ ਸੈਦਪੁਰੀ**

ਕੁਝ ਉਦਾਸ, ਗੰਭੀਰ, ਭਵਿੱਖ ਦੀਆਂ ਵਿਉਂਤਾਂ ਦੀ ਉਣਤਰ-ਬੁਣਤਰ ਵਿੱਚ ਸੋਚ ਦੀ ਨੀਝ ਤੇ ਇੱਕ ਹਲਕੀ ਜਿਹੀ ਮੁਸਕਰਾਹਟ ਵੀ। ਪਿਛਲੇ ਕੁਝ ਸਮੇਂ ਤੋਂ ਐਡਵੋਕੇਟ ਰਜਿੰਦਰ ਮੰਡ ਦੀ ਉਕਤ ਦਿੱਖ ਮੇਰੇ ਜ਼ਿਹਨ ਦਾ ਹਿੱਸਾ ਬਣੀ ਹੋਈ ਸੀ।ਇੱਕ ਬੁਝਾਰਤ।ਉਸ ਦੇ ਸੰਗੀ-ਸਾਥੀ ਉਸ ਦੀ ਬੁਝਾਰਤ ਨੂੰ ਬੁਝਣ ਦੀ ਕੋਸ਼ਿਸ਼ ਵਿੱਚ ਹੀ ਸਨ ਕਿ ਉਹ ਅਚਾਨਕ ਬਾਤ ਬਣ ਗਿਆ ਬੀਤੇ ਦੀ।ਉਸ ਦਾ ਪਰਵਾਰ ਤੇ ਵੱਡਾ ਮਿੱਤਰਚਾਰਾ ਭੌਂਚੱਕਾ ਹੋ ਕੇ ਰਹਿ ਗਏ।

ਲੰਘੀ ਪੰਜ ਜੂਨ ਨੂੰ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਸਥਿਤ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਐਡਵੋਕੇਟ ਮੰਡ ਦੇ ਪਿਤਾ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦਾ ਪਹਿਲਾ ਸਿਮਰਤੀ ਸਮਾਗਮ ਖਤਮ ਹੋਇਆ ਤਾਂ ਉਹਨਾ ਦੇ ਚਿਹਰੇ ਤੋਂ ਉਹਨਾ ਦੇ ਅੰਦਰਲਾ ਸਕੂਨ ਸਪੱਸ਼ਟ ਤੌਰ 'ਤੇ ਝਲਕਦਾ ਨਜ਼ਰ ਆਇਆ। ਆਪਣੇ ਕੁਝ ਨੇੜਲੇ ਮਿੱਤਰਾਂ ਨੂੰ ਅਗਲਾ ਸਿਮਰਤੀ ਸਮਾਗਮ ਵਧੇਰੇ ਸਾਰਥਿਕ ਤੇ ਯਾਦਗਾਰੀ ਬਣਾਉਣ ਲਈ ਸੁਨੇਹੇ ਭਰਿਆ ਸੱਦਾ ਦਿੱਤਾ ਕਿ ਉਹ ਆਉਂਦੇ ਦਿਨੀਂ ਵਿਚਾਰ-ਵਟਾਂਦਰੇ ਲਈ ਮਿਲਣਗੇ। ਹੁਣ ਅੰਦਰੋਂ ਗੱਚ ਭਰ ਆਉਂਦਾ ਹੈ ਕਿ ਮੰਡ ਸਾਹਿਬ ਵਾਧਾ ਨਿਭਾਉਣ ਤੋਂ ਪਹਿਲਾਂ ਹੀ ਛੁਪਣਛੋਤ ਹੋ ਗਏ।

**ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਸ਼ਰਧਾਂਜਲੀ ਸਮਾਗਮ ਅੱਜ**

ਦੋਸਤੀਆਂ ਵਿੱਚ ਨਿੱਘ ਤੇ ਅਪਣੱਤ ਦਾ ਨਾਂਅ ਸੀ ਐਡਵੋਕੇਟ ਰਜਿੰਦਰ ਮੰਡ।ਪਿਛਲੇ ਕੁਝ ਸਮੇਂ ਤੋਂ ਕਿਸੇ ਕਾਰਨ ਕੁਝ ਦੋਸਤਾਂ ਦੀ ਮਿੱਤਰਤਾ ਵਿੱਚ ਆਈ ਖਟਾਸ ਨੂੰ ਖਤਮ ਕਰਕੇ ਮਿਠਾਸ ਭਰਨ ਦੀ ਵੀ ਨਿਰੰਤਰ ਕੋਸ਼ਿਸ਼ ਵਿੱਚ ਸਨ, ਐਡਵੋਕੇਟ ਮੰਡ।ਸਮੇਂ ਦੀ ਮਾਰ ਪਈ ਕਿ ਉਹ ਸੁਹਿਰਦ ਕੋਸ਼ਿਸ਼ ਵੀ ਅੱਧਵਾਟੇ ਰਹਿ ਗਈ।ਮੈਂ ਸ਼ਾਇਦ ਪਹਿਲਾਂ ਵੀ ਇਹ ਕਿਧਰੇ ਜ਼ਿਕਰ ਕੀਤਾ ਹੈ ਕਿ ਐਡਵੋਕੇਟ ਮੰਡ ਦੀ ਇਹ ਹਮੇਸ਼ਾ ਲੋਚਾ ਰਹਿੰਦੀ ਸੀ ਕਿ ਕਿਸੇ ਦੇ ਕੰਮ ਆਇਆ ਜਾ ਸਕੇ।ਇੱਥੇ ਇੱਕ ਮਿਸਾਲ ਦੇਣੀ ਚਾਹਾਂਗਾ।2005 ਵਿੱਚ ਬਾਵਾ ਸ਼ੂਅਜ਼ ਗੋਇੰਦਵਾਲ ਸਾਹਿਬ ਵਾਲਿਆਂ ਦਾ ਆਪਣੇ ਵਰਕਰਾਂ ਨਾਲ ਕੋਈ ਕਲੇਸ਼ ਸੀ।ਫੈਕਟਰੀ ਵਾਲਿਆਂ ਦੀ ਰਿਹਾਇਸ਼ ਜਲੰਧਰ ਵਿੱਚ ਸੀ। ਮਜ਼ਦੂਰਾਂ ਦੀ ਅਗਵਾਈ ਕਾਮਰੇਡ ਅਮਰਜੀਤ ਸਿੰਘ ਆਸਲ, ਕਾਮਰੇਡ ਚਰਨ ਦਾਸ ਤੇ ਦੇਵੀ ਕੁਮਾਰੀ ਸਰਹਾਲੀ ਕਲਾਂ ਆਦਿ ਕਰ ਰਹੇ ਸਨ। ਮਜ਼ਦੂਰ ਆਗੂਆਂ ਨੇ ਆਪਣੇ ਸੰਘਰਸ਼ ਨੂੰ ਹੋਰ ਅਸਰਦਾਰ ਬਣਾਉਣ ਲਈ ਜਲੰਧਰ ਵੱਲ ਮੂੰਹ ਕਰ ਲਿਆ।ਉਨ੍ਹੀਂ ਦਿਨੀਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਐਡਵੋਕੇਟ ਰਜਿੰਦਰ ਮੰਡ ਤੇ ਸਾਥੀ ਰਾਜੇਸ਼ ਥਾਪਾ ਨੇ ਮਜ਼ਦੂਰ ਆਗੂਆਂ ਦਾ ਸਵਾਗਤ ਹੀ ਨਹੀਂ ਕੀਤਾ, ਸਗੋਂ ਡਟਵੀਂ ਹਮਾਇਤ ਵੀ ਕੀਤੀ।ਫੈਕਟਰੀ ਦੇ ਮਜ਼ਦੂਰ ਆਗੂਆਂ ਨੂੰ ਅੱਜ ਫਿਰ ਐਡਵੋਕੇਟ ਰਜਿੰਦਰ ਮੰਡ ਯਾਦ ਆ ਰਹੇ ਹਨ, ਉਹਨਾਂ ਦੇ ਸੁਹਿਰਦ ਸਹਿਯੋਗ ਲਈ।

ਯਾਦ ਆ ਰਹੇ ਹਨ ਮਈ 2025 ਦੇ ਉਹ ਦਿਨ, ਜਦੋਂ ਸਹਿਰ ਹਾਸ਼ਮੀ ਤੇ ਉਸ ਦੀ ਇੱਕ ਟੀਮ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚੋਂ ਹੁੰਦੀ ਹੋਈ ਜਲੰਧਰ ਪਹੁੰਚੀ ਸੀ।ਉਹ ਟੀਮ ਵੱਖ-ਵੱਖ ਸਕੂਲਾਂ ਤੇ ਹੋਰ ਉਦਮੀ ਸੰਸਥਾਵਾਂ ਦਾ ਇਸ ਮਕਸਦ ਨਾਲ ਦੌਰਾ ਕਰ ਰਹੀ ਸੀ ਕਿ ਕਿਸੇ ਕਾਰਨ ਉਦਾਸ ਜਾਂ ਨਿਰਾਸ਼ ਹੋਏ ਬੱਚਿਆਂ ਤੇ ਨੌਜਵਾਨਾਂ ਨੂੰ ਖੁਸ਼ਹਾਲ ਜ਼ਿੰਦਗੀ ਲਈ ਪ੍ਰੇਰਿਆ ਜਾਵੇ।ਐਡਵੋਕੇਟ ਮੰਡ ਨੇ ਉਸ ਟੀਮ ਦਾ ਇੱਕ ਵਿਸ਼ੇਸ਼ ਸਮਾਗਮ ਪ੍ਰੈੱਸ ਕਲੱਬ ਜਲੰਧਰ ਵਿੱਚ ਕਰਵਾਇਆ ਸੀ।ਐਡਵੋਕੇਟ ਮੰਡ ਨੇ ਉਸ ਟੀਮ ਨੂੰ ਹੌਸਲਾ ਦਿੱਤਾ ਸੀ ਕਿ ਉਹ ਆਪਣੀ ਮੰਜ਼ਲ ਵੱਲ ਨਿਰੰਤਰ ਅੱਗੇ ਵਧਦੇ ਰਹਿਣ। ਮੰਡ ਹੁਰਾਂ ਇੱਕ ਹੋਰ ਸਮਾਗਮ ਜਲੰਧਰ ਵਿੱਚ ਕਰਵਾਉਣ ਦਾ ਵੀ ਵਾਅਦਾ ਕੀਤਾ ਸੀ। ਅੱਜ ਦਿਲ ਵਿੱਚ ਚੀਸ ਉੱਠਦੀ ਹੈ ਇਹ ਸੋਚ ਕੇ ਕਿ ਉਸ ਵਾਅਦੇ ਦਾ ਕੀ ਬਣੇਗਾ।

1991 ਵਿੱਚ ਰਜਿੰਦਰ ਮੰਡ ਵਿਦਿਆਰਥੀ ਵਰਗ ਦਾ ਹਰਮਨ-ਪਿਆਰਾ ਆਗੂ ਬਣ ਗਿਆ ਸੀ।ਵਿਦਿਆਰਥੀ ਜਥੇਬੰਦੀ ਦੇ ਆਗੂ ਵਜੋਂ ਸਿਖਰਲੇ ਡੰਡੇ 'ਤੇ ਪਹੁੰਚ ਕੇ ਵੀ ਇੱਕ ਆਮ ਵਰਕਰ ਵਾਂਗ ਵਿਚਰਨਾ ਉਸ ਦੇ ਸੁਭਾਅ ਦਾ ਨਿਮਰ ਗੁਣ ਸਦਾ ਨਾਲ ਨਿਭਦਾ ਰਿਹਾ। ਰਜਿੰਦਰ ਮੰਡ ਦੀ ਸ਼ਖਸੀਅਤ ਦੇ ਅਨੇਕਾਂ ਅਜਿਹੇ ਪੱਖ ਸਨ ਜੋ ਉਸ ਨੂੰ ਬਾਕੀਆਂ ਤੋਂ ਵਖਰਿਆਉਂਦੇ ਸਨ।ਉਸ ਦੀ ਹਾਜ਼ਰ-ਜਵਾਬੀ ਵੀ ਅਜਿਹੇ ਗੁਣਾਂ ਵਿੱਚ ਸ਼ਾਮਲ ਸੀ।

ਇਹਨਾਂ ਸਤਰਾਂ ਦੇ ਲੇਖਕ ਕੋਲ ਉਹ ਕਈ ਵਾਰ 'ਨਾਥ ਚੌਰੇ' ਦਾ ਜ਼ਿਕਰ ਕਰਿਆ ਕਰਦੇ ਸਨ।ਪਤਾ ਕੀਤਾ ਤਾਂ ਇਹ ਮਰਹੂਮ ਦੇਸ ਰਾਜ ਕਾਲੀ ਦਾ 'ਡੇਰਾ' ਸੀ।ਮੰਡ ਹੁਰਾਂ ਨਾਲ ਉਸ ਡੇਰੇ 'ਤੇ 'ਚੌਂਕੀ' ਭਰਨ ਦਾ ਕਈ ਵਾਰ ਸਬੱਬ ਬਣਦਾ ਰਿਹਾ।ਮੰਡ ਹੁਰਾਂ ਨਾਲ ਜੁੜੀਆਂ ਯਾਦਾਂ ਦੀ ਫਹਿਰਿਸ਼ਤ ਬਹੁਤ ਲੰਮੀ ਹੈ।

ਅੱਜ 24 ਜੂਨ ਨੂੰ ਉਹਨਾ ਨੂੰ ਚੇਤਿਆਂ 'ਚ ਹੋਰ ਗੂੜ੍ਹਾ ਕਰਨ ਲਈ ਉਹਨਾ ਬਾਰੇ ਹੋਰ ਗੱਲਾਂ ਕਰਾਂਗੇ। ਯਾਦ ਕਰਦਿਆਂ ਹੂਕ ਵੀ ਧੁਰ ਅੰਦਰੋਂ ਨਿਕਲੇਗੀ।

*# ਸੰਪਰਕ : 98725-40447*

# ਅਲਵਿਦਾ ਦੋਸਤ ! ਯਾਦਾਂ 'ਚ ਅਮਰ ਰਹੇਂਗਾ




**ਜਗਰੂਪ**

ਰਾਜਿੰਦਰ ਦੀ ਮੌਤ ਸਭਨਾਂ ਲਈ ਅਣਕਿਆਸਿਆ ਦੁੱਖ ਹੈ।ਸਹਿਣ ਕਰਨਾ ਪੈਣੈ, ਕੋਈ ਬਦਲ ਨਹੀਂ।

ਯਾਦਾਂ ਤੇ ਉਸ ਬਾਰੇ ਗੱਲਾਂਬਾਤਾਂ ਧਰਵਾਸ ਲਈ ਜ਼ਰੂਰੀ ਸਰੋਤ ਹਨ।

ਰਾਜਿੰਦਰ, ਅਜੀਬ ਬਣਤਰ ਸੀ ਤੇਰੀ, ਕਿੰਨੇ ਰੂਪ ਰੰਗ ਸੀ ਤੇਰੇ। ਕਿੰਨਾ ਬੋਝ ਚੁੱਕਣ ਦਾ ਆਦੀ ਸੀ ਤੂੰ ਤੇ ਹਰ ਥਾਂ ਸਹਾਇਕ ਮੋਢਾ ਡਾਹ ਦੇਣਾ, ਅਦਭੁਤ ਆਦਤ ਸੀ ਤੇਰੀ।ਬਾਖ਼ੂਬੀ ਨਿਭਿਆ ਹੈਂ, ਪਰ ਕਈ ਵਾਰੀ, ਦੇਰੀ ਹੋਣ ਦਾ ਉਲ੍ਹਾਮਾ ਵੀ ਝੋਲੀ ਪਾ ਲੈਂਦਾ ਰਿਹੈਂ। ਸਖਤ ਬੋਲਾਂ ਨੂੰ ਸਹਿਜ ਨਾਲ ਸਹਿ ਜਾਣ ਦਾ ਗੁਣ ਤੂੰ ਸਦਾ ਧਾਰੀ ਰੱਖਿਆ।ਤੇਰੀ ਕਰਨੀ, ਤੇਰੇ ਸਬਰ ਨੂੰ ਸਲਾਮ ਹੈ।

ਪਦਾਰਥਵਾਦ ਸਿਖਾਉਂਦਾ ਹੈ; ਮਨੁੱਖ ਹਾਲਤਾਂ ਅਤੇ ਪਾਲਣ-ਪੋਸਣ ਦੀ ਉਪਜ ਹੁੰਦੈ ਨੇ ਤੇ ਸਮਾਜਕ ਸ਼ਖਸੀਅਤ, ਸਮਾਜਕ ਹਾਲਤਾਂ ਤੇ ਸਮਾਜਕ ਸੇਧ-ਲਹਿਰਾਂ 'ਚ ਭਾਗੀਦਾਰੀ ਦੀ ਘਾੜਤ ਹੁੰਦੀ ਐ।ਤੇਰੇ ਸੰਸਕਾਰ ਤੇਰੇ ਪਰਵਾਰਕ ਪਿੱਛੇ ਦਾ ਸਿੱਧਾ ਸਬੂਤ ਸਨ ਤੇ ਹਨ।

ਤੇਰਾ ਹਰ ਰੂਪ-ਰੰਗ, ਤੇਰੀ ਵਿਆਪਕ ਸੂਝ ਦਾ, ਤੇਰੀ ਸ਼ਖਸੀਅਤ ਦਾ ਅੰਗ ਪ੍ਰਦਰਸ਼ਨ ਸੀ।ਜਿਵੇਂ 'ਦੇਵੀ-ਮਾਂ' ਦੀਆਂ ਛੇ, ਅੱਠ ਬਾਹਾਂ, ਚਿਤਰਕਲਾ ਰਾਹੀਂ ਉਸ ਦੇ ਸਰਵੋਤਮ ਗੁਣਾਂ ਦਾ ਮਾਰਮਿਕ ਬਿਆਨ ਨੇ। ਸ਼ੇਰ ਦੀ ਸਵਾਰੀ ਉਹਦੀ ਬਹਾਦਰੀ ਨੂੰ ਪ੍ਰਗਟਾਉਂਦੀ ਹੈ।ਉਹਦੇ ਇਕ ਹੱਥ ਤਲਵਾਰ ਕਬੀਲੇ ਦੀ ਰੱਖਿਆ ਦਾ ਅਹਿਦ ਹੈ ਤਾਂ ਦੂਜੇ ਹੱਥ ਵਿਚਲਾ 'ਫੁੱਲ' ਪਿਆਰ ਦਾ ਪ੍ਰਤੀਕ ਹੈ।ਉਹਦੇ ਤੀਏ ਹੱਥ ਰੋਸ਼ਨੀ ਦਾ ਪ੍ਰਤੀਕ 'ਦੀਵਾ' ਹੈ, ਤਾਂ ਚੌਥੇ ਹੱਥ ਦਿਸ਼ਾ-ਨਿਰਦੇਸ਼ ਲਈ 'ਸੰਖ' ਵੀ ਹੈ। ਜੇ ਹੱਥ ਵਿਚ ਪੈਦਾਵਾਰ ਦਾ ਬੇਹਤਰੀਨ ਸੰਦ; ਤੀਰ-ਕਮਾਨ ਹੈ ਤਾਂ ਅਗਲੇ ਹੱਥ ਬਰਾਬਰ ਵੰਡ ਦਾ ਪ੍ਰਤੀਕ, ਸਮਗਰੀ ਦੀ ਭਰੀ 'ਥਾਲੀ' ਵੀ ਹੈ।ਇਹ ਚਿਤਰਕਾਰ ਦੀ ਕਲਾ ਦੀ ਜ਼ੁਬਾਨ ਹੈ।

ਰਾਜਿੰਦਰ ਤੇਰਾ ਵਕਾਲਤ ਕਰਨਾ, ਨਵਾਂ ਜ਼ਮਾਨਾ ਦਾ ਰੋਜ਼ਮਰ੍ਹਾ ਦੇ ਕੰਮ ਵਿਚ ਹਿੱਸੇਦਾਰ ਬਣਨਾ, ਦੇਸ਼ ਭਗਤ ਯਾਦਗਾਰ ਕਮੇਟੀ ਦੀ ਜ਼ਿੰਮੇਵਾਰੀ ਨੂੰ ਹਾਂ ਕਰਨਾ, ਯਾਰਾਂ-ਮਿੱਤਰਾਂ ਨਾਲ ਨਿਭਣਾ, ਅੱਗੇਵਧੂ ਲੋਕਾਂ 'ਚ ਥਾਂ ਬਣਾਈ ਰੱਖਣਾ, ਸਾਹਿਤ ਨਾਲ ਪਿਆਰ, ਚੰਗੀ ਕਿਤਾਬ ਦਾ ਪ੍ਰਚਾਰ-ਪਸਾਰ, ਕਿੰਝ ਨਿਭਦਾ ਰਿਹੈਂ ਯਾਰ! ਤੇਰੀ ਬਹੁਭਾਂਤੀ ਸਰਗਰਮੀ, ਤੇਰਾ 'ਅਮੂਰਤ-ਚਿੱਤਰ' ਬੜੇ ਕਮਾਲ ਦਾ ਬਿੰਬ ਹੈ।

ਤੇਰੇ ਵੱਡੇ ਤੇ ਤੇਰੇ ਹਾਣੀ ਤੇਰਾ ਗੁਣਗਾਣ ਕਰਦੇ ਹਨ। ਤੇਰੇ ਬੱਚੇ ਅਜੇ ਸਜਰੇ ਗ਼ਮ ਹੇਠ ਹਨ, ਉਹ ਗ਼ਮ 'ਚੋਂ ਉਭਰਨਗੇ, ਜਿਵੇਂ-ਜਿਵੇਂ ਤੇਰੇ ਬਾਰੇ ਜਾਨਣਗੇ, ਉਹ ਆਪਣੇ ਬਾਪ 'ਤੇ ਫਖਰ ਮਹਿਸੂਸ ਕਰਿਆ ਕਰਨਗੇ ; ਅਜਿਹਾ ਸੀ ਸਾਡਾ ਬਾਪ!

ਜਿਵੇਂ ਤੂੰ ਆਪਣੇ ਪੁਰਖਿਆਂ 'ਤੇ ਮਾਣ ਕਰਦਾ ਰਿਹੈਂ।

ਰਾਜਿੰਦਰ ਤੂੰ 'ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ'

ਨਾਲ ਸ਼ੁਰੂਆਤੀ ਦਿਨ 1997 ਤੋਂ ਜੁੜਿਆ, 25 ਵਰ੍ਹੇ, ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਨ 28 ਸਤੰਬਰ ਦੇ ਸਾਲਾਨਾ ਸਮਾਗਮ ਜਲੰਧਰ ਦੇ ਪ੍ਰਬੰਧ ਦੀ ਤਿਆਰੀ ਕਮੇਟੀ ਦਾ ਮੁਖੀ ਬਣ ਲੰਗਰ ਅਤੇ ਸਮੁੱਚੇ ਪ੍ਰਬੰਧ ਦੇ ਕੰਮ ਨੂੰ ਸਫਲਤਾ ਨਾਲ ਨਿਭਾਉਂਦਾ ਰਿਹਾ।ਲਹਿਰ ਨਵੇਂ ਤੋਂ ਨਵੇਂ ਪੜਾਅ 'ਚ ਪੁੱਜਦੀ ਕਰਨ 'ਚ ਅਮੁੱਲ ਯੋਗਦਾਨ ਦਿੱਤਾ ਹੈ।

ਮੈਨੂੰ ਉਹ ਦਿਨ ਵੀ ਯਾਦ ਹੈ, ਜਦੋਂ 25 ਵਰ੍ਹੇ ਪਹਿਲਾਂ ਜਲੰਧਰ 'ਚ ਪੰਜ ਦਿਨ ਦਾ ਵਲੰਟੀਅਰ ਕੈਂਪ ਲਾਉਣ ਦਾ ਫੈਸਲਾ ਲਿਆ।ਸਾਡੇ ਕੋਲ ਕੋਈ ਪੈਸਾ ਨਹੀਂ ਸੀ।ਕੇਵਲ ਫੰਡ ਇਕੱਠਾ ਕਰਨ ਦੀਆਂ ਕਾਪੀਆਂ ਤੇ ਦੁਕਾਨ-ਦੁਕਾਨ ਫੰਡ ਇਕੱਠਾ ਕਰਨ ਸਮੇਂ ਵੰਡਣ ਵਾਲਾ ਅਪੀਲ ਪੱਤਰ ਹੀ ਸੀ।

ਸਵੇਰ ਦੇ ਚੱਲੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਆਉਣ ਸਾਰ, ਚਾਹ ਪਾਣੀ, ਰੋਟੀ ਤੇ ਰਹਿਣ, ਅਰਾਮ ਲਈ ਗੱਦੇ ਆਦਿ ਦੀ ਸਾਰੀ ਜ਼ਿੰਮੇਵਾਰੀ ਅਤੇ ਦੁਕਾਨ ਤੋਂ ਸਾਰਾ ਸਮਾਨ ਉਧਾਰ ਚੁੱਕ ਕੇ, ਜੋ ਸ਼ੁਰੂਆਤ ਤੁਸਾਂ ਕਰਾਈ, ਉਹ ਵਿਦਿਆਰਥੀਆਂ-ਨੌਜਵਾਨਾਂ ਦੀ ਲੀਡਰਸ਼ਿਪ ਦੀਆਂ, ਹੁਣ ਤੱਕ ਚਾਰ ਪਾਰੀਆਂ ਉਸ ਦਾ ਇਤਿਹਾਸਕ ਮਹੱਤਵ ਜਾਣਦੀਆਂ ਹਨ।ਫੰਡ ਇਕੱਠਾਕੀਤਾ, ਸਕੂਲਿੰਗ ਹੋਈ, ਬਿੱਲ ਤਾਰੇ, ਸਰਗਰਮੀਆਂ ਲਈ ਨਵੇਂ ਰੰਗਦਾਰ ਇਸ਼ਤਿਹਾਰ ਲਈ ਖਰਚੇ ਪੂਰੇ ਕੀਤੇ। ਮੈਨੂੰ ਪਤੈ ਕੰਮ ਟੀਮ ਕਰਦੀ ਹੈ, ਪਰ ਆਗੂ ਦੀ ਭੂਮਿਕਾ ਤੇਰੀ ਸੀ।

ਪਰਮਗੁਣੀ ਭਗਤ ਸਿੰਘ ਦਾ ਸ਼ਤਾਬਦੀ ਜਨਮ ਦਿਹਾੜਾ ਜਲੰਧਰ 'ਚ ਦੇਸ਼ ਭਰ ਲਈ ਮਸ਼ਾਲ ਬਣਿਆ।ਅੱਜ ਬਨੇਗਾ (Bhagat Singh National Employment Guarantee Act) ਦੀ ਪ੍ਰਾਪਤੀ ਦਾ ਘੋਲ ਦੇਸ਼ ਵਿਆਪੀ ਪੱਧਰ 'ਤੇ ਅੱਗੇ ਵਧ ਰਿਹੈ।

ਰੁਜ਼ਗਾਰ ਪ੍ਰਾਪਤੀ ਮੁਹਿੰਮ ਦਾ ਅਜੋਕਾ ਬਨੇਗਾ ਰੂਪ ਅੱਗੇ ਵਧ ਰਿਹਾ।ਲੀਡਰਸ਼ਿਪ ਦੀਆਂ ਚਾਰ ਪਰਤਾਂ ਤੇਰੇ ਬੇਵਕਤ ਵਿਛੋੜੇ ਨੂੰ ਅਸਹਿ ਸਮਝਦੀਆਂ ਨੇ।

ਵੱਡਿਆਂ ਦੇ ਬੈਠੇ ਛੋਟੇ ਵਿਛੜ ਜਾਣ, ਇਹ ਵੱਡਿਆਂ ਲਈ 'ਭਵਿੱਖ ਦੇ ਮਰ ਜਾਣ' ਵਰਗਾ ਦੁੱਖ ਹੁੰਦਾ।ਦੁੱਖ ਭਾਰੀ ਹੈ, ਪਰ ਦੁੱਖ 'ਚੋਂ ਉਭਰਨਾ ਵੀ ਨਵਿਆਂ ਲਈ ਹੌਸਲਾ ਤੇ ਮੰਜ਼ਲ ਲਈ ਰਾਹ-ਦਸੇਰਾ ਹੁੰਦੈ। ਚੇਤਨ ਬਨੇਗਾ ਮੁਹਿੰਮ ਦੇ ਕਾਰਕੁੰਨ ਕੰਮ ਲਹਿਰ ਲਈ ਤੇਰੇ ਕੀਤੇ ਕੰਮ ਨੂੰ ਸਲਾਮ ਕਰਦੇ ਹਨ।

ਅਲਵਿਦਾ ਦੋਸਤ! ਯਾਦਾਂ 'ਚ ਅਮਰ ਰਹੇਂਗਾ!!

*# ਸੰਪਰਕ : 94174-09216*

# ਓ ਬੀ ਸੀ ਸਮੇਤ ਐੱਸ ਸੀ/ਐੱਸ ਟੀ ਵਰਗ ਦੀ ਜਾਤੀ ਅਧਾਰਤ ਗਿਣਤੀ ਹੋਵੇ : ਜਥੇਬੰਦੀਆਂ



**ਮਾਨਸਾ (ਆਤਮਾ ਸਿੰਘ ਪਮਾਰ)**-ਵੱਖ-ਵੱਖ ਦਲਿਤ ਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਜਥੇਬੰਦੀਆਂ ਦੇ ਆਗੂਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇੱਕ ਮੰਗ ਪੱਤਰ ਤਹਿਸੀਲਦਾਰ ਵਿਕਰਮ ਕੁੰਵਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਭੇਜਿਆ ਗਿਆ।ਉਨ੍ਹਾਂ ਕਿਹਾ ਕਿ ਪੂਰੇ ਭਾਰਤ 'ਚ ਪੱਛੜੇ ਵਰਗ ਮੋਰਚਾ ਦੇ ਭਾਰਤ ਪ੍ਰਧਾਨ ਚੌਧਰੀ ਵਿਕਾਸ ਪਟੇਲ ਦੀ ਪ੍ਰਧਾਨਗੀ ਹੇਠ 31 ਰਾਜਾਂ 'ਚ ਤੇ 625 ਜ਼ਿਲ੍ਹਿਆਂ 'ਚ ਮੰਗ ਪੱਤਰ ਭਾਰਤ ਦੇ ਰਾਸ਼ਟਰਪਤੀ ਦੇ ਨਾਮ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰਾਂ ਰਾਹੀਂ ਭੇਜੇ ਗਏ ਹਨ ਤੇ ਮੰਗ ਪੱਤਰ ਅਨੁਸਾਰ ਓ.ਬੀ.ਸੀ. ਤੇ ਐੱਸ.ਸੀ./ਐੱਸ.ਟੀ. ਲੋਕਾਂ ਦੀ ਗਿਣਤੀ ਜਾਤੀ ਅਧਾਰਤ ਕੀਤੀ ਜਾਵੇ।ਈ.ਵੀ.ਐੱਮ. ਮੁਕੰਮਲ ਤੌਰ 'ਤੇ ਬੰਦ ਕੀਤੀਆਂ ਜਾਣ ਤੇ ਹਰ ਤਰ੍ਹਾਂ ਦੀ ਚੋਣ ਬੈਲਟ ਪੇਪਰ ਰਾਹੀਂ ਕਰਵਾਈਆਂ ਜਾਵੇ, ਪੁਰਾਣੀ ਪੈਨਸ਼ਨ ਦੀ ਬਹਾਲੀ, ਠੇਕੇਦਾਰੀ ਸਿਸਟਮ ਬੰਦ ਕਰਨ, ਲੇਬਰ ਕੋਡ ਰੱਦ ਕਰਨ, ਮਜ਼ਦੂਰਾਂ ਦੀ ਉਜ਼ਰਤ ਨਿਸ਼ਚਿਤ ਕੀਤੀ ਜਾਵੇ, ਫੌਜ ਭਰਤੀ ਪਹਿਲਾਂ ਦੀ ਤਰ੍ਹਾਂ ਹੀ ਹੋਵੇ ਆਦਿ ਮੰਗਾਂ ਦਰਜ਼ ਹਨ।ਇਸ ਸਮੇਂ ਸਮੇਂ ਜਸਵੰਤ ਸਿੰਘ ਮਾਨਸਾ ਬਹੁਜਨ ਮੁਕਤੀ ਪਾਰਟੀ, ਡਾ. ਕੇਵਲ ਸਿੰਘ, ਦਲਵਿੰਦਰ ਸਿੰਘ ਭਾਰਤ ਮੁਕਤੀ ਮੋਰਚਾ, ਲਾਲ ਚੰਦ ਯਾਦਵ, ਜਸਵਿੰਦਰ ਸਿੰਘ, ਭੀਮ ਰਤਨ ਭੁਪਾਲ ਰਾਸ਼ਟਰੀ ਵਿਕਲਾਂਗ ਸੰਘ, ਰਘਵੀਰ ਸਿੰਘ ਬਸਪਾ ਆਗੂ ਹਾਜ਼ਰ ਹਾਜ਼ਰ ਸਨ।

# ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਤੁਰੰਤ ਮੰਨੇ : ਡੀ ਟੀ ਐੱਫ



**ਤਲਵੰਡੀ ਸਾਬੋ (ਜਗਦੀਪ ਗਿੱਲ)**
ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਫਰੰਟ ਪੰਜਾਬ ਅਤੇ ਸਾਂਝਾ ਮੁਲਾਜ਼ਮ ਮੰਚ ਦੇ ਸੱਦੇ 'ਤੇ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੀਆਂ ਰੈਲੀਆਂ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ, ਪੰਜਾਬ ਭਰਵੀਂ ਸ਼ਮੂਲੀਅਤ ਕਰੇਗਾ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਬਠਿੰਡਾ ਦੇ ਪ੍ਰਧਾਨ ਬਲਜਿੰਦਰ ਸਿੰਘ, ਸਕੱਤਰ ਜਸਵਿੰਦਰ ਸਿੰਘ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਵਿਕਾਸ ਗਰਗ ਨੇ ਦੱਸਿਆ ਕਿ 24 ਜੂਨ ਨੂੰ ਜ਼ਿਲ੍ਹਾ ਪੱਧਰ 'ਤੇ ਸਮੂਹ ਮੁਲਾਜ਼ਮਾਂ ਦੇ ਹੋ ਰਹੇ ਰੋਸ ਧਰਨੇ ਵਿੱਚ ਡੀ ਟੀ ਐੱਫ਼ ਬਠਿੰਡਾ ਦੇ ਮਿੰਨੀ ਸਕੱਤਰੇਤ ਅੱਗੇ ਹੋਣ ਵਾਲੇ ਵਿਸ਼ਾਲ ਮੁਜ਼ਾਹਰੇ ਵਿੱਚ ਭਰਵੀਂ ਸ਼ਮੂਲੀਅਤ ਕਰੇਗੀ।ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਪੈਂਡਿੰਗ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ, 18% ਪੈਂਡਿੰਗ ਡੀ.ਏ. ਤੁਰੰਤ ਜਾਰੀ ਕਰਨ, 2020 ਤੋਂ ਬਾਅਦ ਦੇ ਮੁਲਾਜ਼ਮਾਂ ਉੱਪਰ ਲਾਏ ਨਵੇਂ ਪੇ ਸਕੇਲ ਵਾਪਸ ਲੈਣੇ, ਪੇਂਡੂ ਭੱਤਾ, ਬਾਰਡਰ ਏਰੀਆ ਭੱਤਾ ਸਮੇਤ 37 ਤਰ੍ਹਾਂ ਦੇ ਕੱਟੇ ਭੱਤੇ ਬਹਾਲ ਕਰਨੇ, 3-7-11-15 ਦੀ ਏ ਸੀ ਪੀ ਸਕੀਮ ਬਹਾਲ ਕਰਨ ਵਰਗੀਆਂ ਮੰਗਾਂ ਪੂਰੀਆਂ ਕਰਨ ਤੋਂ ਸਰਕਾਰ ਅਨਾਕਾਨੀ ਕਰ ਰਹੀ ਹੈ। ਬਲਾਕ ਪ੍ਰਧਾਨ ਭੋਲਾ ਰਾਮ ਤਲਵੰਡੀ, ਰਾਜਵਿੰਦਰ ਸਿੰਘ ਜਲਾਲ, ਭੁਪਿੰਦਰ ਸਿੰਘ ਮਾਈਸਰਖਾਨਾ, ਕੁਲਵਿੰਦਰ ਸਿੰਘ ਵਿਰਕ, ਬਲਕਰਨ ਸਿੰਘ ਕੋਟਸ਼ਮੀਰ ਨੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਕੰਪਿਊਟਰ ਅਧਿਆਪਕ, ਮੈਰੀਟੋਰੀਅਸ ਅਧਿਆਪਕ, ਕੱਚੇ ਅਧਿਆਪਕ ਅਤੇ ਐੱਨ. ਐੱਸ.ਕਿਉ.ਐੱਫ. ਅਧਿਆਪਕ ਪੂਰੇ ਸਕੇਲਾਂ ਵਿੱਚ ਸਿੱਖਿਆ ਵਿਭਾਗ ਵਿੱਚ ਮਰਜ਼ ਕਰਨ, ਪ੍ਰੋਬੇਸ਼ਨ ਪੀਰਡ ਦੌਰਾਨ ਬੇਸਿਕ ਪੇਅ ਦੇਣ ਵਾਲਾ ਮੁਲਾਜ਼ਮ ਮਾਰੂ 15-1-15 ਦਾ ਪੱਤਰ ਵਾਪਿਸ ਲੈਣਾ, 200 ਰੁਪਏ ਕੱਟਿਆ ਜਾਂਦਾ ਵਿਕਾਸ ਫੰਡ ਵਾਪਸ ਲੈਣਾ ਆਦਿ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਮੁਲਾਜ਼ਮ ਇੱਕ ਮੰਚ 'ਤੇ ਇਕੱਠੇ ਹੋ ਗਏ ਹਨ। ਆਗੂਆਂ ਨੇ ਕਿਹਾ ਕਿ ਅਧਿਆਪਕਾਂ ਉੱਪਰ ਗ਼ੈਰ-ਵਿਦਿਅਕ ਕੰਮਾਂ ਦਾ ਬੋਝ ਪਾ ਕੇ ਉਹਨਾਂ ਨੂੰ ਉਨ੍ਹਾਂ ਦੇ ਬੁਨਿਆਦੀ ਕੰਮ ਸਿੱਖਿਆ ਤੋਂ ਦੂਰ ਕੀਤਾ ਜਾ ਰਿਹਾ ਹੈ, ਜਿਸ ਨਾਲ ਅਧਿਆਪਕਾਂ ਵਿੱਚ ਗੁੱਸੇ ਦੀ ਲਹਿਰ ਹੈ।ਜਥੇਬੰਦੀ ਦੇ ਜ਼ਿਲ੍ਹਾ ਕਮੇਟੀ ਮੈਂਬਰ ਹਰਜੀਤ ਸਿੰਘ ਜੀਦਾ, ਜਗਦੀਪ ਸਿੰਘ ਮਾਨ, ਰਣਦੀਪ ਕੌਰ ਖਾਲਸਾ, ਬਲਜਿੰਦਰ ਕੌਰ, ਅਨਿਲ ਭੱਟ, ਰਾਮ ਸਿੰਘ ਬਰਾੜ ਨੇ ਦੱਸਿਆ ਕਿ ਹੁਣ ਸਰਕਾਰ ਖਿਲਾਫ ਆਰ ਪਾਰ ਦੀ ਲੜਾਈ ਲੜੀ ਜਾਵੇਗੀ ਜਿਸ ਤਹਿਤ ਸੂਬਾ ਪੱਧਰ 'ਤੇ ਸਮੂਹ ਮੰਤਰੀਆਂ ਦੇ ਘਰਾਂ ਅੱਗੇ ਧਰਨੇ 1 ਜੁਲਾਈ ਤੋਂ 10 ਜੁਲਾਈ ਤੱਕ ਦਿੱਤੇ ਜਾਣਗੇ ਅਤੇ 17 ਜੁਲਾਈ ਨੂੰ ਮੋਹਾਲੀ ਵਿਖੇ ਸੂਬਾ ਪੱਧਰੀ ਮਹਾਂ ਰੈਲੀ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਪੰਜਾਬ ਦੇ ਮੁਲਾਜ਼ਮ ਆਪਣੇ ਹੱਕਾਂ ਲਈ ਨਿੱਤ ਦਿਨ ਸੜਕਾਂ ਤੇ ਉੱਤਰ ਰਹੇ ਹਨ। ਚੋਣਾਂ ਵਿੱਚ ਕੁਝ ਮਹੀਨੇ ਹੀ ਬਾਕੀ ਹਨ, ਮੁਲਾਜ਼ਮਾਂ ਨਾਲ ਸਰਕਾਰ ਵੱਲੋਂ ਕੀਤੀ ਵਾਅਦਾ ਖਿਲਾਫੀ ਦਾ ਨਤੀਜਾ ਵਿਧਾਨ ਸਭਾ ਚੋਣਾਂ ਵਿੱਚ ਵੇਖਣ ਨੂੰ ਮਿਲੇਗਾ।

# ਕਾਂਗਰਸੀ ਆਗੂ ਗੌਰਵ ਸੰਧੂ ਵੱਲੋਂ ਪੰਜਾਬ ਦੀ ਸਹਿ-ਇੰਚਾਰਜ ਹੀਨਾ ਕਾਬਰੇ ਨਾਲ ਮੁਲਾਕਾਤ

**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਸੀਨੀਅਰ ਆਗੂ ਤੇ ਕਾਂਗਰਸ ਦੇ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਸੂਬਾ ਉਪ ਪ੍ਰਧਾਨ ਗੌਰਵ ਸੰਧੂ ਨੇ ਏ.ਆਈ. ਸੀ. ਸੀ. ਸੈਕਟਰੀ, ਸਹਿ ਇੰਚਾਰਜ ਹੀਨਾ ਕਾਬਰੇ ਨਾਲ ਮੁਲਾਕਾਤ ਕੀਤੀ।ਗੌਰਵ ਸੰਧੂ ਨੇ ਹਲਕਾ ਸਮੁੱਚੀਆਂ



ਗਤੀਵਿਧੀਆਂ ਤੇ ਹਲਕੇ ਸਬੰਧੀ ਸਮੁੱਚੀ ਰਿਪੋਰਟ ਦਿੱਤੀ।ਗੌਰਵ ਸੰਧੂ ਨੇ ਕਿਹਾ ਕਿ ਹਲਕਾ ਸਨੌਰ ਦੇ ਲੋਕਾਂ ਨੇ ਹਮੇਸ਼ਾ ਕਾਂਗਰਸ ਦਾ ਸਾਥ ਦਿੱਤਾ ਹੈ ਤੇ ਇਸ ਵਾਰ ਵੀ ਕਾਂਗਰਸ ਦਾ ਸਾਥ ਦੇਣਗੇ।ਉਨ੍ਹਾਂ ਕਿ ਉਹ ਹਲਕੇ 'ਚ ਜਿੱਥੇ ਵੀ ਜਾ ਰਹੇ ਹਨ, ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਹਲਕਾ ਸਨੌਰ ਉਨ੍ਹਾਂ ਦਾ ਆਪਣਾ ਪਰਵਾਰ ਹੈ ਤੇ ਉਹ ਹਲਕੇ ਲੋਕਾਂ ਦੀ ਸੇਵਾ ਵਿੱਚ ਦਿਨ-ਰਾਤ ਹਾਜ਼ਰ ਹਨ।

# ਬਾਜ਼ੀਗਰ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਦਿੱਲੀ ਵਿਖੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਅਨੁਸੂਚਿਤ ਜਾਤੀਆਂ ਦੇ ਦੋ ਪ੍ਰਤੀਸ਼ਤ ਰਾਖਵੇਂ ਕੋਟੇ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਚਰਚਾ ਕੀਤੀ ਗਈ।ਵਿਧਾਇਕ ਬਾਜ਼ੀਗਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਇਸ ਦੇ ਚਲਦਿਆਂ ਸੰਗਠਨ ਦੀ ਮਜ਼ਬੂਤੀ ਅਤੇ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦੇ ਮੁੱਦੇ ਨੂੰ ਲੈ ਕੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਗਈ ਹੈ। ਉਹਨਾਂ ਕਿਹਾ ਕਿ ਨੌਕਰੀਆਂ ਵਿੱਚ ਰਾਖਵੇਂਕਰਨ ਦੇ ਦੋ ਪ੍ਰਤੀਸ਼ਤ ਮੁੱਦੇ ਦੇ ਹੱਲ ਲਈ ਪਾਰਟੀ ਸੁਪਰੀਮੋ ਵੱਲੋਂ ਪੂਰਾ ਭਰੋਸਾ ਦਿੱਤਾ ਗਿਆ ਹੈ।ਉਹਨਾਂ ਦੱਸਿਆ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਸ਼ੁਤਰਾਣਾ ਵਿੱਚ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰਨ ਸਬੰਧੀ ਪੂਰੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਹੈ।ਇਸ ਮੌਕੇ ਉਹਨਾਂ ਨਾਲ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਵਿਰਕ ਡਰੋਲੀ, ਅਨੁਸੂਚਿਤ ਜਾਤੀ ਵਿੰਗ ਦੇ ਚੇਅਰਮੈਨ ਸੁੱਖਾ ਰਾਮ, ਸਾਬਕਾ ਸਰਪੰਚ ਲਾਭ ਸਿੰਘ ਅਤੇ ਵਿਧਾਇਕ ਦੇ ਨਿੱਜੀ ਸਹਾਇਕ ਪਾਰਸ ਹਾਜ਼ਰ ਸਨ।

# ਆਗਾਮੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਇਤਿਹਾਸਕ ਜਿੱਤ ਦਰਜ ਕਰੇਗਾ : ਪਵਨ ਗੋਇਲ, ਸੁੱਖਾ ਬਰਾੜ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਵਪਾਰ ਮੰਡਲ ਦੇ ਨਵਨਿਯੁਕਤ ਪ੍ਰਧਾਨ ਪਵਨ ਗੋਇਲ ਅਤੇ ਅਕਾਲੀ ਆਗੂ ਸੁਖਵੀਰ ਬਰਾੜ ਸੁੱਖਾ ਬਾਘਾ ਪੁਰਾਣਾ ਨੇ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੱਡਾ ਦਾਅਵਾ ਕਰਦਿਆਂ ਕਿਹਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ ਅਤੇ ਉਹ ਬਦਲਾਅ ਚਾਹੁੰਦੇ ਹਨ।ਲੋਕ ਹੁਣ ਅਕਾਲੀ ਦਲ ਨੂੰ ਇੱਕ ਵਾਰ ਫਿਰ ਮੌਕਾ ਦੇਣ ਲਈ ਤਿਆਰ ਬੈਠੇ ਹਨ ਅਤੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀ ਸੋਚ ਬਣਾ ਚੁੱਕੇ ਹਨ।ਪਵਨ ਗੋਇਲ ਅਤੇ ਸੁਖਬੀਰ ਸਿੰਘ ਸੁੱਖਾ ਨੇ ਕਿਹਾ ਕਿ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਈ ਤੋਂ ਬਾਅਦ ਸੂਬੇ ਦੀ ਰਾਜਨੀਤੀ ਵਿਚ ਨਵਾਂ ਮੋੜ ਆਇਆ ਹੈ।ਇਸ ਮੌਕੇ ਉਨ੍ਹਾਂ ਨੇ ਹਲਕਾ ਬਾਘਾ ਪੁਰਾਣਾ ਦੇ ਹਲਕਾ ਇੰਚਾਰਜ ਤੀਰਥ ਸਿੰਘ ਮਾਹਲਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਵਾਰ ਉਹ ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ।ਉਨ੍ਹਾਂ ਦਾਅਵਾ ਕੀਤਾ ਕਿ ਹਲਕੇ ਵਿਚ ਮਾਹਲਾ ਦੀ ਪਕੜ ਕਾਫ਼ੀ ਮਜ਼ਬੂਤ ਹੈ ਅਤੇ ਲੋਕ ਉਨ੍ਹਾਂ ਦੇ ਨਾਲ ਖੜ੍ਹੇ ਹਨ।ਆਗੂਆਂ ਨੇ ਕਿਹਾ ਕਿ ਅਕਾਲੀ ਦਲ ਵਰਕਰ ਪੂਰੀ ਤਾਕਤ ਨਾਲ ਮੈਦਾਨ ਵਿਚ ਉਤਰ ਚੁੱਕੇ ਹਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਇਤਿਹਾਸਕ ਜਿੱਤ ਦਰਜ ਕੀਤੀ ਜਾਵੇਗੀ।

# ਜੱਗਰ ਸਿੰਘ ਗਿੱਲ ਨਮਿੱਤ ਅੰਤਿਮ ਅਰਦਾਸ ਭਲਕੇ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲਹਿਰਾ ਮੁਹੱਬਤ ਵਾਸੀ ਸੁਖਮੰਦਰ ਸਿੰਘ ਤੇ ਮਹਿੰਦਰ ਸਿੰਘ 'ਘਾਤਾ' ਦੇ ਪਿਤਾ ਅਤੇ ਜਗਰਾਜ ਸਿੰਘ, ਗੁਰਲਾਲ ਸਿੰਘ, ਹਰਪ੍ਰੀਤ ਸਿੰਘ 'ਲਵਲੀ' ਤੇ ਜੋਗਿੰਦਰ ਸਿੰਘ 'ਗਾਂਧੀ' ਦੇ ਦਾਦਾ ਜੀ ਜੱਗਰ ਸਿੰਘ ਗਿੱਲ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਬੀਤੇ 16 ਜੂਨ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਉਹ 82 ਵਰ੍ਹਿਆਂ ਦੇ ਸਨ। ਉਹਨਾਂ ਦੇ ਦੇਹਾਂਤ 'ਤੇ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਨੇ ਗਿੱਲ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਜੱਗਰ ਸਿੰਘ ਗਿੱਲ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 25 ਜੂਨ ਨੂੰ ਡੇਰਾ ਬਾਬਾ ਭਾਈ ਜੀ ਸਾਹਿਬ, ਪੱਤੀ ਤਾਰਾ, ਪਿੰਡ ਲਹਿਰਾ ਮੁਹੱਬਤ (ਜ਼ਿਲ੍ਹਾ ਬਠਿੰਡਾ) ਵਿਖੇ ਦੁਪਹਿਰ 12:30 ਵਜੇ ਹੋਵੇਗੀ।

# 4 ਨੂੰ ਚੰਡੀਗੜ੍ਹ ਧਰਨੇ 'ਚ ਅਖਾੜਾ ਪਿੰਡ ਤੋਂ ਦੋ ਬੱਸਾਂ ਜਾਣਗੀਆਂ



**ਜਗਰਾਉਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਖਾੜਾ ਇਕਾਈ ਦੀ ਮੀਟਿੰਗ ਇਕਾਈ ਪ੍ਰਧਾਨ ਗੁਰਤੇਜ ਸਿੰਘ ਅਖਾੜਾ ਦੀ ਪ੍ਰਧਾਨਗੀ ਹੇਠ ਹੋਈ।ਸਕੱਤਰ ਹਰਦੇਵ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਆਉਂਦੀ 23, 24 ਜੂਨ ਨੂੰ ਮੋਦੀ ਹਕੂਮਤ ਅਮਰੀਕਾ ਨਾਲ ਦੇਸ਼ ਤੇ ਕਿਸਾਨ ਵਿਰੋਧੀ ਵਪਾਰ ਸਮਝੌਤਾ ਕਰਨ ਜਾ ਰਹੀ ਹੈ।ਇਸ ਤਹਿਤ ਹੁਣ ਦੇਸ਼ 'ਚ ਅਮਰੀਕਾ ਦੀ ਖੇਤੀ ਪੈਦਾਵਾਰ ਦੀ ਆਮਦ ਤੇ ਸਾਰੀਆਂ ਰੋਕਾਂ ਖਤਮ ਕਰ ਦਿੱਤੀਆਂ ਜਾਣਗੀਆਂ।ਸਿੱਟੇ ਵਜੋਂ ਮੱਕਾ, ਸੋਇਆਬੀਨ, ਜਵਾਰ, ਬਾਜਰਾ ਸਮੇਤ ਦੁੱਧ, ਪੋਲਟਰੀ ਤੇ ਹੋਰ ਹੁਣ ਵਿਦੇਸ਼ਾਂ 'ਚੋਂ ਆ ਕੇ ਭਾਰਤੀ ਮੰਡੀ 'ਤੇ ਕਬਜ਼ਾ ਕਰੇਗੀ ਅਤੇ ਭਾਰਤੀ ਦੇ ਖੇਤੀ ਕਾਸ਼ਤਕਾਰ ਖੇਤੀ ਤੋਂ ਬਾਹਰ ਕੱਢਿਆ ਜਾਵੇਗਾ।

ਮੋਦੀ ਹਕੂਮਤ ਨੇ ਕੇਂਦਰੀ ਸਰਕਾਰੀ ਖਰੀਦ ਏਜੰਸੀ ਐਫ ਸੀ ਆਈ ਦਾ ਭੋਗ ਪਾਉਣ ਲਈ ਅਨਾਜ ਸੰਭਾਲਣ ਦਾ ਸਮੁੱਚਾ ਕੰਮ ਅਡਾਨੀ ਨੂੰ ਸੌਂਪਿਆ ਜਾ ਰਿਹਾ ਹੈ।ਹੁਣ ਅਡਾਨੀ ਦੇ ਸਾਇਲੋਜ ਰਾਹੀਂ ਸਿੱਧਾ ਅਨਾਜ ਅਡਾਨੀ ਲੋਜਿਸਟਕ ਰਾਹੀਂ ਦੇਸ਼ ਵਿਦੇਸ਼ 'ਚ ਭੇਜਿਆ ਜਾਵੇਗਾ, ਜਿਸ ਦਾ ਸਾਫ਼ ਅਰਥ ਹੈ ਕਿ ਸਰਕਾਰੀ ਖਰੀਦ, ਐਮ ਐਸ ਪੀ, ਖਰੀਦ ਮੰਡੀਆਂ ਦਾ ਖਾਤਮਾ ਹੋ ਜਾਵੇਗਾ।ਦੇਸ਼ ਨੂੰ ਸਾਮਰਾਜੀ ਗੁਲਾਮੀ ਦੇ ਇਸ ਮਕੜਜਾਲ ਤੋਂ ਬਚਾਉਣ ਲਈ ਕੇਂਦਰ ਸਰਕਾਰ ਖ਼ਿਲਾਫ਼ ਇਹ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਰੋਸ ਮਾਰਚ ਰਾਹੀਂ ਹਰ ਤਰ੍ਹਾਂ ਦੇ ਕਿਸਾਨੀ ਕਰਜ਼ੇ ਰੱਦ ਕਰਨ, ਨਵੀਂ ਖੇਤੀ ਨੀਤੀ ਲਾਗੂ ਕਰਨ, ਹੜ੍ਹ ਪੀੜਤਾਂ ਤੇ ਗੜ੍ਹੇਮਾਰੀ ਦੇ ਮਾਰੇ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ, ਬਿਜਲੀ ਤੇ ਬੀਜ ਐਕਟ ਰੱਦ ਕਰਾਉਣ, ਪਾਣੀਆਂ ਦੇ ਮਸਲੇ ਤੇ ਰਿਪੇਰੀਅਨ ਕਾਨੂੰਨ ਲਾਗੂ ਕਰਨ, ਬੀ ਬੀ ਐਮ ਬੀ ਚ ਪੰਜਾਬ ਦੀ ਮੈਂਬਰੀ ਬਹਾਲ ਕਰਨ, ਬਾਰਡਰਾਂ ਤੇ ਡੀਫੈਂਸ ਬੰਨ ਬਨਾਉਣ ਦੀ ਆੜ 'ਚ ਕਿਸਾਨੀ ਜ਼ਮੀਨਾਂ ਬਰਬਾਦ ਕਰਨ, ਕਿਸਾਨ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਵਾਰਸਾਂ ਦੇ ਮੁਆਵਜ਼ੇ ਤੇ ਨੌਕਰੀ ਦੇ ਕੇਸਾਂ ਦਾ ਨਿਪਟਾਰਾ ਕਰਨ, ਪ੍ਰਦੂਸ਼ਨ ਐਕਟ ਰੱਦ ਕਰਨ ਆਦਿ ਮੰਗਾਂ ਨੂੰ ਲੈ ਕੇ ਇਹ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਅਖਾੜਾ ਪਿੰਡ ਤੋਂ ਔਰਤਾਂ ਦੀਆਂ ਦੋ ਬੱਸਾਂ ਚੰਡੀਗੜ੍ਹ ਪ੍ਰਦਰਸ਼ਨ 'ਚ ਭਾਗ ਲੈਣ ਲਈ ਰਵਾਨਾ ਹੋਣਗੀਆਂ।ਉਨ੍ਹਾਂ ਖੰਨਾ ਵਿਖੇ ਬਿਜਲੀ ਮੰਤਰੀ ਦੇ ਘਰ ਅੱਗੇ ਬਿਜਲੀ ਦੇ ਆਰਟਸੋਰਸ ਮੁਲਾਜ਼ਮਾਂ ਦੇ ਨਿਰੰਤਰ ਚੱਲ ਰਹੇ ਧਰਨੇ ਦੀ ਵੀ ਹਮਾਇਤ ਕੀਤੀ ਹੈ।

# ਗਰੀਨ ਇੰਡੀਆ ਵੈੱਲਫੇਅਰ ਸੋਸਾਇਟੀ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਗਰੀਨ ਇੰਡੀਆ ਵੈਲਫੇਅਰ ਸੋਸਾਇਟੀ, ਪਤੰਜਲੀ ਯੋਗ ਸਮਿਤੀ ਅਤੇ ਭਾਰਤ ਸਵਾਭਿਮਾਨ ਟਰੱਸਟ ਪਟਿਆਲਾ ਵੱਲੋਂ ਵੇਰਕਾ ਮਿਲਕ ਪਟਿਆਲਾ ਦੇ ਸਹਿਯੋਗ ਨਾਲ ਛੋਟੀ ਬਾਰਾਦਰੀ ਪਾਰਕ ਵਿਖੇ ਪਟਿਆਲਾ ਇੰਟਰਨੈਸ਼ਨਲ ਯੋਗਾ ਡੇ ਮਨਾਇਆ ਗਿਆ। ਗਰੀਨ ਇੰਡੀਆ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਸੇਠੀ ਅਤੇ ਮੁੱਖ ਮਹਿਮਾਨ ਡਾ. ਅਮਿਤ ਗਰਗ ਜਨਰਲ ਮੈਨੇਜਰ ਵੇਰਕਾ ਮਿਲਕ ਪਲਾਂਟ ਅਤੇ ਉਹਨਾਂ ਦੀ ਟੀਮ ਪਹੁੰਚੀ ਅਤੇ ਯੋਗ ਸ਼ਿਵਰ ਵਿੱਚ ਗੁਰਦੀਪ ਸਿੰਘ ਯੋਗ ਟੀਚਰ ਵਲੋਂ ਆਏ ਹੋਏ ਤਕਰੀਬਨ 100 ਦੇ ਕਰੀਬ ਲੋਕਾਂ ਨੂੰ ਯੋਗ ਕਰਵਾਇਆ ਗਿਆ। ਇਸ ਮੌਕੇ ਉੱਤੇ ਸਾਂਝ ਕੇਂਦਰ ਕੋਤਵਾਲੀ ਪਟਿਆਲਾ ਦੀ ਟੀਮ ਨੇ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਇਸ ਦੇ ਉਪਰੰਤ ਆਏ ਹੋਏ ਸਾਰੇ ਮੈਂਬਰਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਗੁਰਦੀਪ ਸਿੰਘ ਯੋਗਾ ਅਧਿਆਪਕ, ਤਨੂ ਸਹਿਜ ਯੋਗਾ ਅਧਿਆਪਕਾ, ਆਰ.ਪੀ. ਸੂਦ, ਸੰਦੀਪ ਬਾਂਸਲ, ਰਾਜੇਸ਼, ਮੋਹਿੰਦਰ ਖੰਨਾ, ਨਰਿੰਦਰ ਸ਼ਰਮਾ, ਕੁਲਦੀਪ ਕੌਰ, ਪੂਨਮ, ਅਨੀਤਾ, ਬਾਲਾ, ਕਾਮਨੀ, ਸ਼ਸ਼ੀ ਅਤੇ ਹੋਰ ਮੈਂਬਰ ਹਾਜ਼ਰ ਸਨ।

# ਨੈਸ਼ਨਲ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ



**ਭੀਖੀ (ਗੁਰਿੰਦਰ ਸਿੰਘ ਔਲਖ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਪੀ ਜੀ ਡੀ ਸੀ ਏ ਸਮੈਸਟਰ ਪਹਿਲੇ ਦੇ ਨਤੀਜੇ 'ਚੋਂ ਨੈਸ਼ਨਲ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ।ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਦੱਸਿਆ ਕਿ ਇਸ ਪ੍ਰੀਖਿਆ 'ਚ ਸਨੇਹਾ ਰਾਣੀ ਨੇ 82% ਅੰਕਾਂ ਨਾਲ ਪਹਿਲਾ, ਸੋਨੀਆ ਨੇ 80% ਅੰਕਾਂ ਨਾਲ ਦੂਜਾ ਤੇ ਰਮਨਪ੍ਰੀਤ ਕੌਰ ਨੇ 79% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿੱਚ ਕਾਲਜ ਦਾ ਨਾਂਅ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ।ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ।ਕਾਲਜ ਦਾ ਨਤੀਜਾ ਹਰ ਸਾਲ ਸੌ ਫ਼ੀਸਦੀ ਆਉਂਦਾ ਹੈ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ।

# ਸ੍ਰੀ ਸ਼ਿਵ ਸ਼ਕਤੀ ਕਾਂਵੜ ਸੰਘ ਵੱਲੋਂ ਵਿਸ਼ਾਲ ਜਾਗਰਨ 27 ਨੂੰ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸ੍ਰੀ ਸ਼ਿਵ ਸ਼ਕਤੀ ਕਾਂਵੜ ਸੰਘ ਮੰਡੀ ਨਿਹਾਲ ਸਿੰਘ ਵਾਲਾ ਵੱਲੋਂ 9ਵਾਂ ਵਿਸ਼ਾਲ ਜਾਗਰਣ ਕਰਵਾਇਆ ਜਾ ਰਿਹਾ ਹੈ। ਇਹ ਧਾਰਮਿਕ ਸਮਾਗਮ 27 ਜੂਨ ਨੂੰ ਕਮਲਾ ਨਹਿਰੂ ਸਕੂਲ ਨਿਹਾਲ ਸਿੰਘ ਵਾਲਾ ਵਿਖੇ ਆਯੋਜਿਤ ਹੋਵੇਗਾ।ਸੰਘ ਦੇ ਮੈਂਬਰਾਂ ਨੇ ਦੱਸਿਆ ਕਿ ਜਾਗਰਣ ਦੌਰਾਨ ਭਗਤਾਂ ਲਈ ਵਿਸ਼ੇਸ਼ ਧਾਰਮਿਕ ਪ੍ਰੋਗਰਾਮ ਕਰਵਾਏ ਜਾਣਗੇ ਅਤੇ ਭਜਨ-ਕੀਰਤਨ ਰਾਹੀਂ ਸੰਗਤਾਂ ਨੂੰ ਪ੍ਰਭੂ ਦੀ ਭਗਤੀ ਨਾਲ ਜੋੜਿਆ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਰਾਜੇਸ਼ ਜੈਨ, ਸੋਮ ਨਾਥ ਬਾਸਲ, ਤਰਸੇਮ ਜੈਨ, ਬਬਲੂ, ਸੱਤਪਾਲ ਜੈਨ, ਪੰਮਾ, ਕਪਿਲ ਮਿੱਤਲ, ਪਿੰਕਾ ਸ਼ਰਮਾਂ, ਸੁਮੇਧ ਜੈਨ, ਸੰਜੈ ਜੈਨ, ਅਭੀ ਜੈਨ, ਸ਼ਿਵਮ ਮਿੱਤਲ, ਸਿੱਪਾ, ਨਾਰੇਸ਼ ਬੂਰਾ ਆਦਿ ਹਾਜ਼ਰ ਸਨ।

# ਟ੍ਰੇਡਰਜ਼ ਕਮਿਸ਼ਨ ਵੱਲੋਂ ਸਾਹਮਣੇ ਲਿਆਂਦੀਆਂ ਸਮੱਸਿਆਵਾਂ ਦੇ ਹੱਲ ਲਈ ਪ੍ਰਸ਼ਾਸਨ ਵਚਨਬੱਧ : ਅਨੁਪ੍ਰਿਤਾ ਜੌਹਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਸਮੇਤ ਟਰੇਡਰਜ਼ ਕਮਿਸ਼ਨ ਵੱਲੋਂ ਸਾਹਮਣੇ ਲਿਆਦੀਆਂ ਸਮੱਸਿਆਵਾਂ ਦਾ ਜਾਇਜ਼ਾ ਲੈਣ ਲਈ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ ਨੇ ਪੰਜਾਬ ਟ੍ਰੇਡ ਕਮਿਸ਼ਨ ਪਟਿਆਲਾ ਦੇ ਚੇਅਰਮੈਨ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਅਤੇ ਪੰਜਾਬ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਸਮੇਤ ਹੋਰ ਮੈਂਬਰਾਂ ਨਾਲ ਇੱਕ ਬੈਠਕ ਕੀਤੀ।ਏ ਡੀ ਸੀ ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਅੱਜ ਦੀ ਬੈਠਕ ਦੌਰਾਨ ਪੋਰਟਲ ਉਪਰ ਆਈਆਂ ਸ਼ਿਕਾਇਤਾਂ ਦਾ ਨਿਪਟਾਰਾ ਪੂਰੀ ਗੰਭੀਰਤਾ ਨਾਲ ਕੀਤਾ ਜਾ ਰਿਹਾ ਹੈ, ਜਦਕਿ 55 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਤੇ 30 ਸ਼ਿਕਾਇਤਾਂ ਓਪਨ ਹਨ, ਜਿਨ੍ਹਾਂ ਉਪਰ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਚੇਅਰਮੈਨ ਐਡਵੋਕੇਟ ਵਿਨੋਦ ਸਿੰਗਲਾ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਨੂੰ ਮਿਲਣ ਜਲਦ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹੁੰਚ ਰਹੇ ਹਨ। ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜਿਸ ਲਈ ਕਮਿਸ਼ਨ ਵਪਾਰੀਆਂ ਦੇ ਨਾਲ ਖੜ੍ਹਾ ਹੈ ਅਤੇ ਲਗਾਤਾਰ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਰਿਹਾ ਹੈ।ਚੇਅਰਮੈਨ ਨੇ ਕਿਹਾ ਕਿ ਵਪਾਰੀਆਂ ਵੱਲੋਂ ਉਠਾਈ ਜਾਣ ਵਾਲੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਬੰਧਤ ਵਿਭਾਗਾਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।ਇਸ ਦੌਰਾਨ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰਜ ਸੰਜੀਵ ਗੁਪਤਾ, ਭੁਪਿੰਦਰ ਕੌਸ਼ਲ, ਮੈਂਬਰ ਟ੍ਰੇਡ ਕਮਿਸ਼ਨ ਘਨੌਰ ਕੀਰਤ ਸਿੰਘ ਸਿਹਰਾ, ਗੁਰਪ੍ਰੀਤ ਸਿੰਘ ਮੰਨਣ, ਟਿੰਕੂ ਬਾਂਸਲ, ਰਾਜੇਸ਼ ਛਾਬੜਾ, ਐਸ.ਡੀ.ਐਮਜ, ਸਹਾਇਕ ਕਮਿਸ਼ਨਰ ਹਰਜੋਤ ਕੌਰ ਸਮੇਤ ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਕੋਟਾਂ ਕਾਲਜ 'ਚ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਗੈਰ-ਅਧਿਆਪਕ ਸਟਾਫ਼ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਸਮਾਗਮ ਦੀ ਸ਼ੁਰੂਆਤ ਯੋਗਾ ਸੈਸ਼ਨ ਨਾਲ ਹੋਈ, ਜਿਸ ਦੌਰਾਨ ਭਾਗੀਦਾਰਾਂ ਨੂੰ ਵੱਖ-ਵੱਖ ਯੋਗ ਆਸਨਾਂ ਅਤੇ ਪ੍ਰਾਣਾਯਾਮ ਦੀਆਂ ਕਿਰਿਆਵਾਂ ਕਰਵਾਈਆਂ ਗਈਆਂ।ਯੋਗਾ ਦੇ ਸਰੀਰਕ, ਮਾਨਸਿਕ ਅਤੇ ਆਤਮਿਕ ਲਾਭਾਂ ਬਾਰੇ ਜਾਣਕਾਰੀ ਦਿੱਤੀ ਅਤੇ ਰੋਜ਼ਾਨਾ ਜੀਵਨ ਵਿੱਚ ਯੋਗਾ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।ਲੈਕਚਰਾਰ ਜਗਵਿੰਦਰ ਸਿੰਘ (ਮੁਖੀ ਸਰੀਰਕ ਸਿੱਖਿਆ ਵਿਭਾਗ) ਨੇ ਕਿਹਾ ਕਿ ਯੋਗਾ ਭਾਰਤ ਦੀ ਪ੍ਰਾਚੀਨ ਵਿਰਾਸਤ ਹੈ, ਜੋ ਮਨੁੱਖ ਨੂੰ ਤੰਦਰੁਸਤ ਅਤੇ ਤਣਾਅ-ਮੁਕਤ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਦਿਨਚਰਿਆ ਵਿੱਚ ਯੋਗਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣ ਸਕਣ।ਸਮਾਗਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਨੇ ਨਿਯਮਿਤ ਤੌਰ 'ਤੇ ਯੋਗਾ ਕਰਨ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੰਕਲਪ ਲਿਆ।ਕਾਲਜ ਪ੍ਰਬੰਧਕ ਕਮੇਟੀ ਨੇ ਸਮਾਗਮ ਦੀ ਸਫਲਤਾ ਲਈ ਸਾਰੇ ਭਾਗੀਦਾਰਾਂ ਅਤੇ ਆਯੋਜਕਾਂ ਦਾ ਧੰਨਵਾਦ ਕੀਤਾ।

# ਨਜਾਇਜ਼ ਅਸਲੇ ਸਮੇਤ ਛੇ ਵਿਅਕਤੀ ਕਾਬੂ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਗੀਰਥ ਸਿੰਘ ਮੀਨਾ ਸੀਨੀਅਰ ਕਪਤਾਨ ਪੁਲਸ ਮਾਨਸਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਗੌਰਵ ਯਾਦਵ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ ਹਰਜੀਤ ਸਿੰਘ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਠਿੰਡਾ ਰੇਂਜ ਬਠਿੰਡਾ ਦੀ ਅਗਵਾਈ ਹੇਠ ਜ਼ਿਲ੍ਹਾ ਮਾਨਸਾ 'ਚ ਸੀ.ਆਈ.ਏ. ਸਟਾਫ ਮਾਨਸਾ ਵੱਲੋਂ 6 ਵਿਅਕਤੀਆਂ ਪਾਸੋਂ 4 ਪਿਸਟਲ .32 ਬੋਰ ਸਮੇਤ 13 ਜ਼ਿੰਦਾ ਰੌਂਦ, ਇੱਕ ਪਿਸਟਲ 12 ਬੋਰ (ਦੇਸੀ ਕੱਟਾ) ਸਮੇਤ 2 ਜ਼ਿੰਦਾ ਰੌਂਦ ਬ੍ਰਾਮਦ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ।ਭਾਗੀਰਥ ਸਿੰਘ ਮੀਨਾ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਸ਼ਪਿੰਦਰ ਸਿੰਘ ਉਪ ਕਪਤਾਨ ਪੁਲਸ (ਸਥਾਨਕ), ਜਸਵਿੰਦਰ ਸਿੰਘ ਉਪ ਕਪਤਾਨ ਪੁਲਸ (ਡੀ) ਮਾਨਸਾ ਦੀ ਸੁਪਰਵੀਜ਼ਨ ਹੇਠ ਇੰਸਪੈਕਟਰ ਬਲਕੌਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਦੀ ਅਗਵਾਈ 'ਚ ਸ:ਥ: ਗੁਰਵਿੰਦਰ ਸਿੰਘ 876/ਮਾਨਸਾ ਸਮੇਤ ਪੁਲਿਸ ਪਾਰਟੀ ਵੱਲੋਂ ਦੌਰਾਨੇ ਗਸ਼ਤ ਪਸ਼ੂ ਮੰਡੀ ਮਾਨਸਾ ਵਿਖੇ ਸਤਿੰਦਰਜੀਤ ਸਿੰਘ ਉਰਫ ਗੋਸ਼ਾ ਪੁੱਤਰ ਜਨਕ ਸਿੰਘ ਵਾਸੀ ਕੱਲੋ, ਸੁਖਪਾਲ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਦਲੀਏਵਾਲੀ, ਦਿਲਪ੍ਰੀਤ ਸਿੰਘ ਉਰਫ ਕਾਲੂ ਪੁੱਤਰ ਸਿਮਰਪਾਲ ਸਿੰਘ, ਰਾਜਵਿੰਦਰ ਸਿੰਘ ਉਰਫ ਰਾਜੂ ਪੁੱਤਰ ਕਰਨੈਲ ਸਿੰਘ, ਲਖਵਿੰਦਰ ਸਿੰਘ ਉਰਫ ਲੱਖਾ ਪੁੱਤਰ ਮਲਕੀਤ ਸਿੰਘ ਤੇ ਨਵਪ੍ਰੀਤ ਸਿੰਘ ਉਰਫ ਨਵੀ ਪੁੱਤਰ ਸੇਵਕ ਸਿੰਘ ਵਾਸੀਆਨ ਕੋਟਲੀ ਕਲਾਂ ਨੂੰ ਸਮੇਤ 03 ਮੋਟਰਸਾਈਕਲਾਂ ਦੇ ਕਾਬੂ ਕੀਤਾ ਗਿਆ।ਜਿਨ੍ਹਾ ਦੇ ਕਬਜ਼ੇ ਚੋਂ 04 ਪਿਸਟਲ .32 ਬੋਰ ਸਮੇਤ 13 ਜ਼ਿੰਦਾ ਰੌਂਦ, ਇੱਕ ਪਿਸਟਲ 12 ਬੋਰ (ਦੇਸੀ ਕੱਟਾ) ਸਮੇਤ 02 ਜ਼ਿੰਦਾ ਰੌਂਦ ਬ੍ਰਾਮਦ ਹੋਏ।ਜਿਸ 'ਤੇ ਮੁਲਜ਼ਮਾਂ ਖਿਲਾਫ ਮੁਕੱਦਮਾ ਥਾਣਾ ਸਿਟੀ 1 ਮਾਨਸਾ ਵਿਖੇ ਦਰਜ ਕੀਤਾ ਗਿਆ।

# 27 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਪਾਰਟੀ ਤੇ ਖ਼ਾਲਸਾ ਪੰਥ ਗੁਰਦੁਆਰਾ ਟਿੱਬੀ ਸਾਹਿਬ (ਰੋਪੜ) ਵਿਖੇ ਪਹੁੰਚਣ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਖ਼ਾਲਸਾ ਪੰਥ ਲੰਮੇ ਸਮੇਂ ਤੋਂ ਹੁਕਮਰਾਨਾਂ ਵੱਲੋਂ ਵਿਧਾਨਿਕ, ਸਮਾਜਿਕ, ਧਾਰਮਿਕ, ਇਖਲਾਕੀ ਤੇ ਭੂਗੋਲਿਕ ਬੇਇਨਸਾਫ਼ੀਆਂ ਹੋਣ ਦਾ ਅਪਣੀਆ ਰਵਾਇਤਾਂ ਅਨੁਸਾਰ ਟਾਕਰਾ ਕਰਦਾ ਆ ਰਿਹਾ ਹੈ ਅਤੇ ਇਸਦੇ ਨਾਲ ਹੀ ਆਪਣੀ ਸੰਪੂਰਨ ਬਾਦਸ਼ਾਹੀ ਦੀ ਪ੍ਰਾਪਤੀ ਲਈ ਜਮਹੂਰੀਅਤ ਅਤੇ ਅਮਨਮਈ ਢੰਗ ਨਾਲ ਸੰਘਰਸ਼ ਵੀ ਕਰਦਾ ਆ ਰਿਹਾ ਹੈ।ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਕੌਮਾਂਤਰੀ ਪੱਧਰ ਦੇ ਸਭ ਗੁਣਾਂ ਨਾਲ ਭਰਪੂਰ ਅੱਛੇ ਰਾਜ ਪ੍ਰਬੰਧ ਦੀ ਸੋਚ ਨੂੰ ਲੈਕੇ, ਉਨ੍ਹਾਂ ਦੇ ਰਾਜ ਭਾਗ ਨੂੰ ਯਾਦ ਕਰਦੇ ਹੋਏ ਮਹਾਰਾਜਾ ਰਣਜੀਤ ਸਿੰਘ ਦੀ 188ਵੀਂ ਬਰਸੀਂ ਗੁਰਦੁਆਰਾ ਟਿੱਬੀ ਸਾਹਿਬ, ਰੋਪੜ ਵਿਖੇ 27 ਜੂਨ ਨੂੰ ਸਵੇਰੇ 11 ਵਜੇ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਹੈ। ਸਮੁੱਚੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਅਹੁਦੇਦਾਰਾਂ, ਸਮਰਥਕਾਂ ਤੇ ਸਮੁੱਚੇ ਖਾਲਸਾ ਪੰਥ ਨੂੰ ਮੇਰੀ ਹਾਰਦਿਕ ਅਰਜੋਈ ਹੈ ਕਿ ਸਾਨੂੰ ਇਨ੍ਹਾਂ ਮਹਾਨ ਦਿਨਾਂ ਨੂੰ ਮਨਾਉਣ ਦੇ ਸਮੇਂ ਕਿਸੇ ਵੀ ਪੰਜਾਬੀ ਤੇ ਸਿੱਖ ਘਰ ਨੂੰ ਅਜਿਹੇ ਸਮਿਆ ਤੇ ਅਜਿਹੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਨ ਤੋਂ ਵਾਂਝੇ ਨਹੀਂ ਰਹਿਣਾ ਚਾਹੀਦਾ ਅਤੇ ਹੁੰਮ-ਹੁੰਮਾ ਕੇ ਆਪਣੀ ਕੌਮੀ, ਸਰਬੱਤ ਦੇ ਭਲੇ ਵਾਲੀ ਸੋਚ 'ਤੇ ਅਧਾਰਤ ਬਰਾਬਰਤਾ ਵਾਲੇ ਰਾਜ ਭਾਗ ਨੂੰ ਕਾਇਮ ਕਰਨ ਲਈ ਕੀਤੇ ਜਾ ਰਹੇ ਉੱਦਮ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 27 ਨੂੰ ਗੁਰਦੁਆਰਾ ਟਿੱਬੀ ਸਾਹਿਬ, ਰੋਪੜ ਵਿਖੇ ਪਹੁੰਚਣ ਦੀ ਸਮੁੱਚੇ ਖਾਲਸਾ ਪੰਥ ਨੂੰ ਜ਼ੋਰਦਾਰ ਅਪੀਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਸ ਮਹਾਨ ਉਦਮ ਦੇ ਸਮਾਗਮ ਨੂੰ ਮਨਾਉਂਦੇ ਹੋਏ ਕੋਈ ਵੀ ਗੁਰਸਿੱਖ ਪਿੱਛੇ ਨਹੀਂ ਰਹੇਗਾ ਅਤੇ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਪੂਰਨ ਕਰਨਗੇ।ਉਨ੍ਹਾਂ ਕੁਸ਼ਲਪਾਲ ਸਿੰਘ ਮਾਨ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਉਮੀਦਵਾਰ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੇ ਉਨ੍ਹਾਂ ਦੀ ਸਹਿਯੋਗੀ ਟੀਮ ਵੱਲੋਂ ਕੀਤੇ ਇਸ ਵੱਡੇ ਉਦਮ ਤੇ ਪ੍ਰਬੰਧ ਲਈ ਜਿਥੇ ਧੰਨਵਾਦ ਕੀਤਾ, ਉਥੇ ਜਿਸ ਵਿਸ਼ੇ 'ਤੇ ਇਹ ਇਕੱਤਰਤਾ ਕੀਤੀ ਜਾ ਰਹੀ ਹੈ, ਉਸ ਨੂੰ ਦੁਨੀਆ ਦੇ ਕੋਨੇ-ਕੋਨੇ ਤੱਕ ਪੁਚਾਉਣ ਲਈ ਸਮੁੱਚੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਟੀਮ ਤੋਂ ਉਮੀਦ ਪ੍ਰਗਟ ਕੀਤੀ ਕਿ ਇਸ ਸਮਾਗਮ ਦੀਆਂ ਭਾਵਨਾਵਾਂ ਨੂੰ ਹਰ ਘਰ ਤੱਕ ਪੁਚਾਉਣ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਪਿੰਡ ਹੋਣਗੇ ਰੱਸਾਕਸ਼ੀ ਮੁਕਾਬਲੇ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਮਾਜਸੇਵੀ ਅਰਸ਼ ਸੱਚਰ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਰੱਸਾਕਸ਼ੀ ਮੁਕਾਬਲਾ ਫਰੀਦਕੋਟ 2026 ਕਰਾਉਣ ਦਾ ਐਲਾਨ ਕੀਤਾ ਹੈ।ਉਨ੍ਹਾਂ ਦੱਸਿਆ ਕਿ 1 ਜੁਲਾਈ ਤੋਂ ਫਰੀਦਕੋਟ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਰੱਸਾਕਸ਼ੀ ਮੁਕਾਬਲੇ ਕਰਾਏ ਜਾਣਗੇ, ਜਿਨ੍ਹਾਂ ਵਿੱਚ ਪਿੰਡਾਂ ਦੀਆਂ ਨੌਜਵਾਨ ਟੀਮਾਂ ਭਾਗ ਲੈ ਸਕਣਗੀਆਂ।ਹਰ ਪਿੰਡ ਦੇ ਮੁਕਾਬਲੇ ਵਿੱਚ ਜੇਤੂ ਟੀਮ ਨੂੰ 5,100 ਦਾ ਨਕਦ ਇਨਾਮ ਦਿੱਤਾ ਜਾਵੇਗਾ।ਅਰਸ਼ ਸੱਚਰ ਨੇ ਕਿਹਾ ਕਿ ਪੰਜਾਬ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿੱਚ ਹੈ ਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।ਰੱਸਾਕਸ਼ੀ ਵਰਗੀ ਟੀਮ ਖੇਡ ਆਪਸੀ ਏਕਤਾ, ਅਨੁਸ਼ਾਸਨ, ਸਰੀਰਕ ਤੰਦਰੁਸਤੀ ਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ।ਉਨ੍ਹਾਂ ਜ਼ਿਲ੍ਹੇ ਦੇ ਸਾਰੇ ਪਿੰਡਾਂ ਦੇ ਨੌਜਵਾਨਾਂ, ਪੰਚਾਇਤਾਂ, ਖੇਡ ਕਲੱਬਾਂ ਤੇ ਸਮਾਜਿਕ ਸੰਸਥਾਵਾਂ ਨੂੰ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ।

# ਹਰਦੀਪ ਸਿੰਘ ਦੌਲਤਪੁਰ ਨੇ ਹਲਕੇ 'ਚ 'ਘਰ-ਘਰ ਯਾਤਰਾ' ਕੀਤੀ ਸ਼ੁਰੂ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਹਰਦੀਪ ਸਿੰਘ ਦੌਲਤਪੁਰ ਵੱਲੋਂ ਹਲਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਜਾਣਨ ਲਈ ਘਰ-ਘਰ ਯਾਤਰਾ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦਾ ਆਗਾਜ਼ ਉਨ੍ਹਾਂ ਨੇ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਪਿੰਡ ਜਹਾਂਗੀਰ ਵਿਖੇ ਨਤਮਸਤਕ ਹੋ ਕੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਵਾ ਕੇ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਜਹਾਂਗੀਰ ਵਿੱਚ ਡੋਰ-ਟੂ-ਡੋਰ ਜਾ ਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ।ਯਾਤਰਾ ਦੌਰਾਨ ਦੌਲਤਪੁਰ ਨੂੰ ਇਲਾਕਾ ਨਿਵਾਸੀਆਂ ਅਤੇ ਬਜ਼ੁਰਗਾਂ ਵੱਲੋਂ ਭਰਪੂਰ ਪਿਆਰ, ਸਤਿਕਾਰ ਅਤੇ ਥਾਪੜਾ ਮਿਲਿਆ। ਪਿੰਡਾਂ ਦੇ ਲੋਕਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਆਪਣੀਆਂ ਹਰ ਤਰ੍ਹਾਂ ਦੀਆਂ ਸਥਾਨਕ ਸਮੱਸਿਆਵਾਂ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਤੋਂ ਮਿਲ ਰਿਹਾ ਭਰਵਾਂ ਸਹਿਯੋਗ ਅਤੇ ਅਥਾਹ ਪਿਆਰ ਇਸ ਗੱਲ ਦਾ ਪ੍ਰਤੀਕ ਹੈ ਕਿ ਆਉਣ ਵਾਲਾ ਸਮਾਂ ਕਾਂਗਰਸ ਪਾਰਟੀ ਦਾ ਹੈ। ਹਰਦੀਪ ਸਿੰਘ ਦੌਲਤਪੁਰ ਨੇ ਵਿਸ਼ਵਾਸ ਦਿਵਾਇਆ ਕਿ ਉਹ ਹਲਕੇ ਦੇ ਸਰਵਪੱਖੀ ਵਿਕਾਸ ਅਤੇ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਦੇ ਹੱਕਾਂ ਲਈ ਦਿਨ-ਰਾਤ ਇੱਕ ਕਰਕੇ ਸੇਵਾ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਹਰ ਪਿੰਡ ਅਤੇ ਵਾਰਡ ਤੱਕ ਨਿਰੰਤਰ ਜਾਰੀ ਰਹੇਗੀ।


# ਸਾਹਿਤ ਸਭਾ ਸਨਾਮ ਵੱਲੋਂ ਸ਼ਹਾਦਤ ਦਿਵਸ ਨੂੰ ਸਮਰਪਤ ਸਾਹਿਤਕ ਇਕੱਤਰਤਾ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਾਹਿਤ ਸਭਾ ਸੁਨਾਮ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹਾਦਤ ਦਿਵਸ ਨੂੰ ਸਮਰਪਤ ਮਹੀਨਾਵਾਰ ਸਾਹਿਤਕ ਇਕੱਤਰਤਾ ਸ਼ਹੀਦ ਊਧਮ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੁਲਵੰਤ ਖਨੌਰੀ, ਰਾਜਿੰਦਰ ਸਿੰਘ ਰਾਜਨ ਅਤੇ ਦਲਬਾਰ ਸਿੰਘ ਚੱਠੇ ਸ਼ੇਖਵਾਂ ਦੀ ਪ੍ਰਧਾਨਗੀ ਵਿੱਚ ਕੀਤੀ ਗਈ।ਇਸ ਇਕੱਤਰਤਾ ਦੌਰਾਨ ਸਭਾ ਸਰਪ੍ਰਸਤ ਗਿਆਨੀ ਜੰਗੀਰ ਸਿੰਘ ਰਤਨ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰਬਾਣੀ, ਕੁਰਬਾਨੀ ਅਤੇ ਮਿਹਰਬਾਨੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੀ ਲੁਕਾਈ ਦੀ ਭਲਾਈ ਲਈ ਗੁਰਬਾਣੀ ਦੀ ਰੌਸ਼ਨੀ ਵਿੱਚ ਬੜੇ ਸਰਲ ਅਤੇ ਉੱਚ ਨੈਤਿਕ ਕਦਰਾਂ ਕੀਮਤਾਂ ਵਾਲੇ ਸਿਧਾਂਤ ਬਣਾਏ। ਉਨ੍ਹਾਂ ਸਿਧਾਂਤਾਂ 'ਤੇ ਆਪ ਵੀ ਪਹਿਰਾ ਦਿੱਤਾ ਅਤੇ ਉਨ੍ਹਾਂ ਸਿਧਾਤਾਂ ਦੀ ਸਲਾਮਤੀ ਲਈ ਆਪ ਜੀ ਨੇ ਆਪਣੀ ਸ਼ਹਾਦਤ ਤਾਂ ਦੇ ਦਿੱਤੀ ਪਰ ਸੱਤਾ ਦੇ ਜਬਰ ਜ਼ੁਲਮ ਅੱਗੇ ਝੁਕੇ ਨਹੀਂ। ਸਭਾ ਪ੍ਰਧਾਨ ਜਸਵੰਤ ਸਿੰਘ ਅਸਮਾਨੀ, ਦਲਵਾਰ ਸਿੰਘ ਚੱਠੇ ਸੇਖਵਾਂ, ਕੁਲਵੰਤ ਖਨੌਰੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਰਚਨਾਵਾਂ ਦੇ ਦੌਰ ਵਿੱਚ ਪਵਨ ਕੁਮਾਰ ਹੋਸੀ ਵੱਲੋਂ ਆਪਣੀ ਰਚਨਾ-ਸਿਰਤਾਜ ਰੁਤਬਾ ਉਸਨੇ ਪਾਇਆ ਹੈ ਨਾਲ ਹਾਜ਼ਰੀ ਲਗਵਾਈ। ਬਲਵਿੰਦਰ ਸਿੰਘ ਜਿਲੇਦਾਰ ਨੇ- ਦਿੱਤੀ ਪੰਜਵੇਂ ਗੁਰਾਂ ਨੇ ਕੁਰਬਾਨੀ ਧਰਮ ਬਚਾਉਣ ਵਾਸਤੇ ਗੀਤ ਸਾਂਝਾ ਕੀਤਾ। ਹਰਮੇਲ ਸਿੰਘ ਨੇ ਇੱਕ ਪਾਸੇ ਤਵੀ ਤੱਤੀ ਦੂਜੇ ਪਾਸੇ ਗੁਰੂ ਠੰਡੇ ਰਚਨਾ ਸਾਂਝੀ ਕੀਤੀ। ਰਾਜਿੰਦਰ ਸਿੰਘ ਰਾਜਨ ਨੇ ਆਪਣੀ ਰਚਨਾ ਲੰਦਨ 'ਚ ਪਿਆ ਕੋਹੇਨੂਰ ਹੀਰਾ ਸਾਡਾ ਦੱਸੋ ਓ ਪੰਜਾਬੀਓ ਮੰਗਾਓਗੇ ਕਿ ਨਹੀਂ ? ਪਰਮਿੰਦਰ ਸਿੰਘ ਸੰਗਰੂਰ ਨੇ ਇਹ ਕਿਹੋ ਜਿਹੇ ਮੌਸਮ ਆ ਗਏ ਹਨ, ਰੁੱਖਾਂ ਦੀ ਛਾਂ ਤੋਂ ਡਰ ਲੱਗਦਾ। ਇਸ ਸਮੇਂ ਐਡਵੋਕੇਟ ਰਮੇਸ਼ ਕੁਮਾਰ ਸ਼ਰਮਾ, ਸੁਖਦੇਵ ਸਿੰਘ, ਮਾਸਟਰ ਦਲਬਾਰ ਸਿੰਘ, ਜਸਵੰਤ ਸਿੰਘ ਅਸਮਾਨੀ, ਜੰਟੀ ਬੇਤਾਬ, ਕੁਲਵੰਤ ਖਨੌਰੀ, ਜੰਗੀਰ ਸਿੰਘ ਰਤਨ, ਸਰਬਜੀਤ ਸਿੰਘ ਸੰਗਰੂਰਵੀ ਅਤੇ ਬਲਵਿੰਦਰ ਹਰੀਗੜ੍ਹ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਸ਼ਾਨਦਾਰ ਹਾਜ਼ਰੀ ਲਗਵਾਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਜੰਗੀਰ ਸਿੰਘ ਰਤਨ ਵੱਲੋਂ ਬਾਖ਼ੂਬੀ ਨਿਭਾਈ ਗਈ।

## ਪੰਜਾਬੀ ਯੂਨੀਵਰਸਿਟੀ 'ਚ ਵੱਡਾ ਪ੍ਰੀਖਿਆ ਘੁਟਾਲਾ

# ਰੀ-ਇਵੈਲਿਊਏਸ਼ਨ ਦੌਰਾਨ ਬਦਲੀਆਂ ਜਾ ਰਹੀਆਂ ਸਨ ਉੱਤਰ-ਪੱਤਰੀਆਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਵਿੱਚ ਬਹੁਤ ਹੀ ਗੰਭੀਰ ਅਤੇ ਸੰਵੇਦਨਸ਼ੀਲ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਮੁੜ-ਮੁਲਾਂਕਣ (ਰੀ-ਇਵੈਲਿਊਏਸ਼ਨ) ਲਈ ਅਪਲਾਈ ਕਰਨ ਵਾਲੇ ਕੁਝ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਦੇ ਅੰਦਰਲੇ ਪੰਨੇ ਹੀ ਬਦਲ ਦਿੱਤੇ ਗਏ।ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ 'ਵਰਸਿਟੀ ਅਥਾਰਟੀ ਤੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਹੜਕੰਪ ਮੱਚ ਗਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮਾਮਲਾ ਗੰਭੀਰ ਹੈ, ਇਸ ਦੀ ਹੋਰ ਡੂੰਘਾਈ ਨਾਲ ਜਾਂਚ ਕਰਾਈ ਜਾਵੇਗੀ।

ਜਾਣਕਾਰੀ ਅਨੁਸਾਰ ਇਕ ਵਿਦਿਆਰਥੀ ਵੱਲੋਂ ਮੁੜ ਮੁਲਾਂਕਣ ਸਬੰਧੀ ਦਰਖਾਸਤ ਦਿੱਤੀ ਗਈ ਸੀ, ਜਿਸ ਦਾ ਪੇਪਰ ਸਬੰਧਤ ਵਿਭਾਗ ਕੋਲ ਭੇਜਿਆ ਗਿਆ।ਇਸ ਦੌਰਾਨ ਵਿਭਾਗ ਦੇ ਕੁਝ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਵਿੱਚ ਪਹਿਲੇ ਪੰਨੇ ਤੇ ਬਾਕੀ ਪੰਨਿਆਂ ਦੀ ਲਿਖਤ ਵਿੱਚ ਵੱਡਾ ਫ਼ਰਕ ਨਜ਼ਰ ਆਇਆ।ਮਾਮਲਾ ਸ਼ੱਕੀ ਹੋਣ 'ਤੇ ਵਿਭਾਗ ਦੇ ਮੁਖੀ ਵੱਲੋਂ ਪ੍ਰੀਖਿਆ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਕਿ ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਕੰਟਰੋਲਰ ਪ੍ਰੀਖਿਆਵਾਂ ਵੱਲੋਂ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰਾਂ ਦੀ ਹਾਜ਼ਰੀ ਵਿੱਚ ਸਬੰਧਤ ਕੁਝ ਵਿਦਿਆਰਥੀਆਂ ਨੂੰ ਬੁਲਾ ਕੇ ਪੁੱਛਗਿੱਛ ਕੀਤੀ ਗਈ।ਇਨ੍ਹਾਂ ਤਿੰਨਾਂ ਵਿਦਿਆਰਥੀਆਂ ਨੇ ਮੰਨਿਆ ਕਿ ਉੱਤਰ-ਕਾਪੀਆਂ ਦੇ ਪਹਿਲੇ ਪੰਨੇ 'ਤੇ ਤਾਂ ਉਨ੍ਹਾਂ ਦੀ ਲਿਖਤ ਹੈ, ਪਰ ਅੰਦਰਲੇ ਪੰਨਿਆਂ 'ਤੇ ਲਿਖਤ ਉਨ੍ਹਾਂ ਦੀ ਨਹੀਂ ਹੈ।

ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਪੇਪਰਾਂ 'ਚ ਵਿਦਿਆਰਥੀਆਂ ਨੇ ਰੀ-ਇਵੈਲੂਏਸ਼ਨ ਲਈ ਅਪਲਾਈ ਕੀਤਾ ਸੀ।ਜਦੋਂ ਅਸਲ ਉੱਤਰ-ਕਾਪੀਆਂ ਦੀ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਵਿਦਿਆਰਥੀਆਂ ਦੀਆਂ ਅਸਲ ਕਾਪੀਆਂ ਦੇ ਅੰਦਰਲੇ ਪੰਨੇ ਕਿਸੇ ਹੋਰ ਉੱਤਰ-ਕਾਪੀ ਜਿਸ ਦਾ ਰੋਲ ਨੰਬਰ, ਕਾਪੀ ਨੰਬਰ ਵੱਖਰਾ ਸੀ, ਨਾਲ ਅਦਲਾ-ਬਦਲੀ ਕੀਤੇ ਗਏ ਸਨ।ਇੱਕ ਮਾਮਲੇ ਵਿੱਚ ਵਿਦਿਆਰਥੀ ਨੂੰ ਪਹਿਲੇ ਪੇਜ 'ਤੇ ਪ੍ਰੀਖਿਅਕ ਵੱਲੋਂ ਸਿਰਫ਼ 10 ਨੰਬਰ ਦਿੱਤੇ ਗਏ ਸਨ, ਜਦਕਿ ਜਦੋਂ ਅੰਦਰਲੇ ਪੰਨਿਆਂ ਦਾ ਜੋੜ ਚੈੱਕ ਕੀਤਾ ਗਿਆ ਤਾਂ ਉਹ 50 ਫ਼ੀਸਦ ਤੋਂ ਵੱਧ ਬਣਦੇ ਸੀ।ਇਸੇ ਤਰ੍ਹਾਂ ਦੂਜੇ ਪੇਪਰਾਂ ਵਿੱਚ ਵੀ ਅੰਦਰਲੇ ਪੰਨਿਆਂ 'ਤੇ 80 ਫ਼ੀਸਦ ਤੋਂ ਵੱਧ ਨੰਬਰ ਬਣਦੇ ਸਨ, ਜਦਕਿ ਬਾਹਰਲੇ ਪੇਜ 'ਤੇ ਸਿਰਫ਼ 02 ਤੋਂ 04 ਨੰਬਰ ਹੀ ਦਰਸਾਏ ਗਏ ਸਨ।ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਹੋਰਨਾਂ ਹੁਸ਼ਿਆਰ ਬੱਚਿਆਂ ਦੀਆਂ ਕਾਪੀਆਂ ਦੇ ਪੰਨੇ ਪਾੜ ਕੇ ਇਨ੍ਹਾਂ ਵਿਦਿਆਰਥੀਆਂ ਦੀਆਂ ਕਾਪੀਆਂ ਵਿੱਚ ਲਗਾਏ ਗਏ ਤਾਂ ਜੁ ਰੀ-ਇਵੈਲੂਏਸ਼ਨ ਦੌਰਾਨ ਇਨ੍ਹਾਂ ਦੇ ਨੰਬਰ ਆਸਾਨੀ ਨਾਲ ਵਧਾਏ ਜਾ ਸਕਣ।

ਉੱਤਰ-ਕਾਪੀਆਂ ਦਾ ਬਾਰੀਕੀ ਨਾਲ ਨਿਰੀਖਣ ਕੀਤਾ ਗਿਆ ਤਾਂ ਪਤਾ ਲੱਗਾ ਕਿ ਕਾਪੀਆਂ ਦੀ ਸਿਲਾਈ ਦੁਬਾਰਾ ਕੀਤੀ ਗਈ ਸੀ ਤੇ ਇਸ ਵਿੱਚ ਵਰਤਿਆ ਧਾਗਾ ਅਸਲ ਉੱਤਰ-ਕਾਪੀਆਂ ਦੇ ਧਾਗੇ ਨਾਲੋਂ ਬਿਲਕੁਲ ਵੱਖਰਾ ਸੀ। ਇਸ ਤੋਂ ਇਲਾਵਾ ਸਟੈਪਲਰ ਪਿੰਨਾਂ ਨੂੰ ਵੀ ਦੁਬਾਰਾ ਖੋਲ੍ਹ ਕੇ ਲਗਾਇਆ ਗਿਆ ਸੀ, ਜੋ ਸਾਫ਼-ਸਾਫ਼ ਛੇੜਛਾੜ ਵੱਲ ਇਸ਼ਾਰਾ ਕਰਦਾ ਹੈ।ਜਾਂਚ ਵਿੱਚ ਇੰਡਸਟਰੀਅਲ ਫਾਰਮੇਸੀ ਦੀ ਇੱਕ ਪੂਰੀ ਉੱਤਰ ਕਾਪੀ ਪੈਕਟ ਵਿੱਚੋਂ ਗਾਇਬ ਵੀ ਪਾਈ ਗਈ। ਪੰਜਾਬੀ ਯੂਨੀਵਰਸਿਟੀ ਵਾਇਸ ਚਾਂਸਲਰ ਡਾ. ਜਗਦੀਪ ਸਿੰਘ ਨੇ ਦੱਸਿਆ ਕਿ ਮਾਮਲਾ ਸੰਵੇਦਨਸ਼ੀਲ ਹੈ, ਇਸ ਬਾਰੇ ਅੰਦਰੂਨੀ ਜਾਂਚ ਦੇ ਨਾਲ ਬਾਹਰੀ ਜਾਂਚ ਵੀ ਕਰਾਈ ਜਾਵੇਗੀ।ਵੀਸੀ ਨੇ ਕਿਹਾ ਕਿ ਇਸ ਮਾਮਲੇ ਦੀ ਨਿਆਂਇਕ ਜਾਂਚ ਕਰਵਾਈ ਜਾਵੇਗੀ, ਜਿਸ ਲਈ ਸੇਵਾ ਮੁਕਤ ਜੱਜ ਦੀ ਅਗਵਾਈ ਹੇਠਲੀ ਟੀਮ ਮਾਮਲੇ ਦੀ ਤੈਅ ਤੱਕ ਜਾਵੇਗੀ।

# 'ਪ੍ਰਮੁੱਖ ਨਾਗਰਿਕ ਗੋਸ਼ਟੀ' ਦਾ ਆਯੋਜਨ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਰਾਸ਼ਟਰੀ ਸਵੈਮ ਸੇਵਕ ਸੰਘ ਵੱਲੋਂ ਮਨਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਦੀ ਲੜੀ ਤਹਿਤ ਮੰਦਰ ਸ਼ਿਵਾਲਾ ਖਾਮ (ਤਲਾਬ ਵਾਲਾ) ਵਿਖੇ ਇੱਕ 'ਪ੍ਰਮੁੱਖ ਨਾਗਰਿਕ ਗੋਸ਼ਟੀ' (ਵਿਚਾਰ ਚਰਚਾ) ਦਾ ਆਯੋਜਨ ਸੰਘ ਆਗੂ ਜਗਦੀਸ਼ ਰਾਏ ਵਰਮਾ ਤੇ ਸਲਿਲ ਜੈਨ (ਸਾਬਕਾ ਪ੍ਰਧਾਨ) ਦੀ ਦੇਖ-ਰੇਖ ਹੇਠ ਕਰਾਈ ਗਈ। ਸਮਾਗਮ ਦੌਰਾਨ ਸ੍ਰੀ ਯਸ਼ਗਿਰੀ ਮੁੱਖ ਵਕਤਾ ਅਤੇ ਡਾ. ਵਿਨੋਦ ਸ਼ਰਮਾ (ਮਿੱਸੀ ਵਾਲੇ) ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਗਮ 'ਚ ਪੁੱਜੇ ਪ੍ਰਮੁੱਖ ਸੱਜਣਾਂ ਤੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਵਿਨੋਦ ਸ਼ਰਮਾ ਤੇ ਯਸ਼ਗਿਰੀ ਨੇ ਕਿਹਾ ਕਿ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਨ ਲਈ ਅਜਿਹੇ ਸਮਾਗਮਾਂ ਦਾ ਆਯੋਜਮਨ ਕਰਨਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਵਿਅਕਤੀ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣਾ ਬੇਹੱਦ ਲਾਜ਼ਮੀ ਹੈ, ਉਨ੍ਹਾਂ ਕਿਹਾ ਕਿ ਇੱਕ ਜਾਗਰੂਕ ਤੇ ਸਜ਼ਗ ਨਾਗਰਿਕ ਹੀ ਇੱਕ ਵਿਕਸਿਤ ਅਤੇ ਸਸ਼ੱਕਤ ਰਾਸ਼ਟਰ ਦਾ ਨਿਰਮਾਣ ਕਰ ਸਕਦਾ ਹੈ।ਉਨ੍ਹਾਂ ਇਸ ਸਮਾਗਮ ਦੇ ਸਫਲ ਆਯੋਜਨ ਲਈ ਜਗਦੀਸ਼ ਰਾਏ ਵਰਮਾ ਤੇ ਸਲਿਲ ਜੈਨ ਸਮੇਤ ਸਮੂਹ ਸੰਘ ਆਗੂਆਂ ਦੀ ਸ਼ਲਾਘਾ ਕੀਤੀ।ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਸੰਘ ਦੇ ਸੌ ਸਾਲਾ ਸਫ਼ਰ ਤੇ ਸਮਾਜ ਪ੍ਰਤੀ ਇਸਦੇ ਯੋਗਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਬੁੱਧਵਾਰ, 24 ਜੂਨ, 2026
10 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 23

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 24 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸੀ ਜੇ ਪੀ ਵਿਘਨਕਾਰੀਆਂ ਦੀ ਬੀ-ਟੀਮ : ਪ੍ਰਧਾਨ

**ਨਵੀਂ ਦਿੱਲੀ (ਨ ਜ਼ ਸ)**
ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਮੰਗਲਵਾਰ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) 'ਤੇ ਤਿੱਖਾ ਹਮਲਾ ਕਰਦਿਆਂ ਉਸ ਨੂੰ ਵਿਘਨਕਾਰੀ ਤੱਤਾਂ ਦੀ ਬੀ-ਟੀਮ ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਇਹ ਉਨ੍ਹਾਂ ਤਾਕਤਾਂ ਦਾ ਮੋਹਰਾ ਬਣ ਰਹੀ ਹੈ, ਜਿਨ੍ਹਾਂ ਨੂੰ ਵੋਟਰਾਂ ਨੇ ਨਕਾਰ ਦਿੱਤਾ ਹੈ। ਇੱਕ ਮੀਡੀਆ ਇੰਟਰਵਿਊ ਦੌਰਾਨ ਪ੍ਰਧਾਨ ਨੇ ਕਿਹਾ ਕਿ ਇਸ ਅੰਦੋਲਨ ਦੇ ਪਿੱਛੇ ਵਾਲੇ ਲੋਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਅਤੇ ਇੱਕ ਵੱਖਰੇ ਭੇਸ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਕਿਹਾ, 'ਉਹ ਵਿਘਨਕਾਰੀ ਤੱਤਾਂ ਦੀ ਬੀ-ਟੀਮ ਹਨ, ਜਿਨ੍ਹਾਂ ਨੂੰ ਲੋਕਤੰਤਰ ਵਿੱਚ ਨਕਾਰਿਆ ਗਿਆ ਹੈ, ਉਹ ਭੇਸ ਬਦਲ ਕੇ ਆਏ ਹਨ ਅਤੇ ਹੁਣ ਸਿਸਟਮ ਦੇ ਪਿੱਛੇ ਪਏ ਹਨ। ਉਹ ਉਨ੍ਹਾਂ ਲਈ ਨਾਅਰੇ ਲਗਾਉਂਦੇ ਹਨ, ਜੋ ਦੇਸ਼ ਨੂੰ ਵੰਡਣਾ ਚਾਹੁੰਦੇ ਹਨ। ਉਨ੍ਹਾਂ ਦੀ ਪਛਾਣ ਹੋ ਚੁੱਕੀ ਹੈ।'

ਮੰਤਰੀ ਦੀਆਂ ਇਹ ਟਿੱਪਣੀਆਂ ਨੀਟ ਦੀ ਮੁੜ-ਪ੍ਰੀਖਿਆ ਤੋਂ ਬਾਅਦ ਆਈਆਂ ਹਨ, ਜਿਸ ਵਿੱਚ 20 ਲੱਖ ਤੋਂ ਵੱਧ ਮੈਡੀਕਲ ਉਮੀਦਵਾਰ ਸ਼ਾਮਲ ਹੋਏ ਸਨ। ਇਹ ਪ੍ਰੀਖਿਆ ਪੇਪਰ ਲੀਕ ਹੋਣ ਦੇ ਦੋਸ਼ਾਂ ਵਿਚਕਾਰ ਅਸਲੀ ਟੈਸਟ ਰੱਦ ਹੋਣ ਤੋਂ ਇੱਕ ਮਹੀਨੇ ਬਾਅਦ ਕਰਵਾਈ ਗਈ ਸੀ। ਇਸ ਵਿਵਾਦ ਨੇ ਦੇਸ਼ ਭਰ ਵਿੱਚ ਪ੍ਰਦਰਸ਼ਨਾਂ ਨੂੰ ਜਨਮ ਦਿੱਤਾ ਸੀ, ਜਿਸ ਵਿੱਚ ਸੀ ਜੇ ਪੀ ਇੱਕ ਦਿਖਾਈ ਦੇਣ ਵਾਲਾ ਸਮੂਹ ਬਣ ਕੇ ਉਭਰਿਆ ਸੀ, ਜੋ ਜਵਾਬਦੇਹੀ ਦੀ ਮੰਗ ਕਰ ਰਿਹਾ ਸੀ ਅਤੇ ਪ੍ਰਧਾਨ ਦੇ ਅਸਤੀਫੇ ਦੀ ਮੰਗ ਕਰ ਰਿਹਾ ਸੀ।

ਪ੍ਰਧਾਨ ਨੇ ਮੁੜ-ਪ੍ਰੀਖਿਆ ਨੂੰ ਸਫਲ ਕਰਾਰ ਦਿੱਤਾ ਅਤੇ ਕਿਹਾ ਕਿ ਲੀਕ ਦੇ ਦੋਸ਼ਾਂ ਕਾਰਨ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਪੈਦਾ ਹੋਈ ਚਿੰਤਾ ਤੋਂ ਬਾਅਦ ਪ੍ਰਕਿਰਿਆ ਵਿੱਚ ਵਿਸ਼ਵਾਸ ਬਹਾਲ ਕਰਨ ਦੇ ਯਤਨ ਕੀਤੇ ਗਏ ਹਨ। ਪੇਪਰ ਲੀਕ ਵਿੱਚ ਸ਼ਾਮਲ ਪਾਏ ਗਏ ਲੋਕਾਂ ਦਾ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਕੁਝ ਅਧਿਆਪਕਾਂ ਦੀ ਭੂਮਿਕਾ ਖਾਸ ਤੌਰ 'ਤੇ ਚਿੰਤਾਜਨਕ ਸੀ। ਉਨ੍ਹਾ ਕਿਹਾ ਕਿ ਰਕਸ਼ਕ ਹੀ ਭਖਸ਼ਕ ਬਣ ਗਏ ਸਨ। ਕੋਟਾ ਵਿੱਚ ਰਾਹੁਲ ਗਾਂਧੀ ਦੀ ਰੈਲੀ ਬਾਰੇ ਪ੍ਰਧਾਨ ਨੇ ਕਿਹਾ, 'ਵਿਰੋਧੀ ਧਿਰ ਨੂੰ ਸਵਾਲ ਪੁੱਛਣ ਦਾ ਅਧਿਕਾਰ ਹੈ, ਪਰ ਉਹ ਨੀਟ ਦੀ ਮੁੜ ਪ੍ਰੀਖਿਆ ਤੋਂ ਤਿੰਨ ਦਿਨ ਪਹਿਲਾਂ ਕੋਟਾ ਜਾਂਦੇ ਹਨ ਅਤੇ ਵਿਦਿਆਰਥੀਆਂ ਦੇ ਮਨਾਂ ਵਿੱਚ ਘਬਰਾਹਟ ਤੇ ਡਰ ਪੈਦਾ ਕਰਦੇ ਹਨ। ਉਨ੍ਹਾ ਦਾ ਇਰਾਦਾ 21 ਜੂਨ ਦੀ ਪ੍ਰੀਖਿਆ ਨੂੰ ਵਿਗਾੜਨਾ ਸੀ।' ਭਾਜਪਾ ਦੇ ਸੀਨੀਅਰ ਨੇਤਾ ਪ੍ਰਧਾਨ ਨੇ ਕਿਹਾ ਕਿ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀਆਂ ਫੋਟੋਆਂ ਦੀ ਵਰਤੋਂ ਕਰਕੇ ਇਸ ਦਾ ਰਾਜਨੀਤੀਕਰਨ ਕਰਨਾ ਕਾਂਗਰਸ ਪਾਰਟੀ ਦਾ ਇੱਕ ਨੀਵੇਂ ਪੱਧਰ ਦਾ ਕੰਮ ਹੈ। ਪ੍ਰੀਖਿਆਵਾਂ ਤੋਂ ਦੋ ਜਾਂ ਤਿੰਨ ਦਿਨ ਪਹਿਲਾਂ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀ ਸੂਚੀ ਜਾਰੀ ਕਰਨਾ ਘਿਣਾਉਣੇਪਣ ਤੋਂ ਘੱਟ ਨਹੀਂ। ਨਾ ਤਾਂ ਰਾਹੁਲ ਗਾਂਧੀ ਅਤੇ ਨਾ ਹੀ ਕਾਂਗਰਸ ਪਾਰਟੀ ਨੇ ਸਿਸਟਮ ਨੂੰ ਸੁਧਾਰਨ ਲਈ ਇੱਕ ਵੀ ਸਕਾਰਾਤਮਕ ਸੁਝਾਅ ਪੇਸ਼ ਕੀਤਾ ਹੈ।

## 'ਕਾਕਰੋਚਾਂ' ਦੀ ਡਾਇਪਰ ਦਾਨ ਮੁਹਿੰਮ

**ਨਵੀਂ ਦਿੱਲੀ (ਨ ਜ਼ ਸ)**-ਨੀਟ ਪ੍ਰੀਖਿਆ ਦਾ ਪੇਪਰ ਲੀਕ ਹੋਣ ਅਤੇ ਹੋਰ ਗੜਬੜੀਆਂ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ 'ਤੇ ਅੜੀ 'ਕਾਕਰੋਚ ਜਨਤਾ ਪਾਰਟੀ' ਨੇ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ 'ਤੇ ਇੱਕ ਪੋਸਟ ਪਾ ਕੇ 'ਡਾਇਪਰ ਦਾਨ ਮੁਹਿੰਮ' ਸ਼ੁਰੂ ਕਰਨ ਦਾ ਐਲਾਨ ਕਰਦਿਆਂ ਆਪਣੇ ਸਮਰਥਕਾਂ ਨੂੰ ਅਪੀਲ ਕੀਤੀ ਕਿ ਉਹ ਮੰਗਲਵਾਰ ਸ਼ਾਮ ਨੂੰ ਹੋਣ ਵਾਲੀ ਇਸ 'ਡਾਇਪਰ ਏ ਡੇ ਕੀਪਸ ਲੀਕਸ ਅਵੇਅ' ਮੁਹਿੰਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ। ਉਹ ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਵਾਲੀ ਥਾਂ 'ਤੇ ਆਪਣੇ ਨਾਲ ਡਾਇਪਰ ਲੈ ਕੇ ਆਉਣ, ਉਸ ਦੇ ਉਪਰ ਸਿੱਖਿਆ ਮੰਤਰੀ ਦੇ ਅਸਤੀਫੇ ਦੀ ਮੰਗ ਲਿਖਣ ਅਤੇ ਉਹ ਇਹ ਯਕੀਨੀ ਬਣਾਉਣਗੇ ਕਿ ਇਹ ਡਾਇਪਰ ਸਿੱਖਿਆ ਮੰਤਰੀ ਤੱਕ ਪਹੁੰਚਦੇ ਕੀਤੇ ਜਾਣ। ਪ੍ਰਦਰਸ਼ਨ ਦੇ ਚੌਥੇ ਦਿਨ ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੇ ਦੋਸ਼ ਲਾਇਆ ਸੋਮਵਾਰ ਦੇਰ ਰਾਤ ਦਿੱਲੀ ਪੁਲਸ ਨੇ ਪ੍ਰਦਰਸ਼ਨ ਵਾਲੀ ਜਗ੍ਹਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾ ਕਿਹਾ ਕਿ ਸਿੱਖਿਆ ਮੰਤਰੀ ਦੇ ਅਸਤੀਫੇ ਤੱਕ ਅੰਦੋਲਨ ਦਿਨ-ਰਾਤ ਨਿਰੰਤਰ ਚੱਲੇਗਾ।

# ਨੌਜਵਾਨ ਸਰਕਾਰੀ ਨੌਕਰੀ ਲਈ ਵਿਦੇਸ਼ੋਂ ਮੁੜਨ ਲੱਗੇ : ਮਾਨ



**ਬਠਿੰਡਾ (ਨਵਾਂ ਜ਼ਮਾਨਾ ਸਰਵਿਸ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਕਿਹਾ ਕਿ ਪੰਜਾਬ ਸਰਕਾਰੀ ਨੌਕਰੀਆਂ ਲਈ ਪਸੰਦੀਦਾ ਸਥਾਨ ਵਜੋਂ ਉਭਰ ਰਿਹਾ ਹੈ। ਇੱਥੋਂ ਤੱਕ ਕਿ ਵਿਦੇਸ਼ ਗਏ ਨੌਜਵਾਨ ਵੀ ਹੁਣ ਸਰਕਾਰ ਦੀ ਪਾਰਦਰਸ਼ੀ ਅਤੇ ਯੋਗਤਾ-ਅਧਾਰਤ ਭਰਤੀ ਨੀਤੀ ਰਾਹੀਂ ਰੁਜ਼ਗਾਰ ਪ੍ਰਾਪਤ ਕਰਨ ਲਈ ਸੂਬੇ ਵਿੱਚ ਵਾਪਸ ਮੁੜ ਰਹੇ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਵਿੱਚ ਨਵੇਂ ਭਰਤੀ ਹੋਏ 665 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ ਸਿਰਫ਼ ਸਾਢੇ ਚਾਰ ਸਾਲਾਂ ਵਿੱਚ 68268 ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਰਿਕਾਰਡ ਬਣਾਇਆ ਹੈ, ਜਿਸ ਨਾਲ ਰਿਸ਼ਵਤ ਜਾਂ ਸਿਫ਼ਾਰਸ਼ਾਂ ਨਾਲ ਨੌਕਰੀਆਂ ਲੈਣ ਦੇ ਯੁੱਗ ਦਾ ਪੂਰੀ ਤਰ੍ਹਾਂ ਅੰਤ ਹੋ ਗਿਆ ਹੈ।

ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਪੱਖਪਾਤੀ ਪ੍ਰਣਾਲੀ ਕਾਰਨ ਬਹੁਤ ਸਾਰੇ ਨੌਜਵਾਨ ਪੰਜਾਬ ਛੱਡ ਕੇ ਵਿਦੇਸ਼ਾਂ ਵਿੱਚ ਵਸ ਗਏ ਸਨ, ਪਰ ਹੁਣ ਇਸ ਰੁਝਾਨ ਵਿੱਚ ਮੋੜਾ ਪੈਣ ਲੱਗਾ ਹੈ ਤੇ ਨੌਜਵਾਨ ਵਾਪਸ ਪੰਜਾਬ ਆ ਰਹੇ ਹਨ। ਉਨ੍ਹਾ ਕਿਹਾ, 'ਹੁਣ ਚੀਜ਼ਾਂ ਬਦਲ ਗਈਆਂ ਹਨ। ਇਸ ਬਦਲਾਅ ਦਾ ਪ੍ਰਮਾਣ ਇਸ ਤੱਥ ਤੋਂ ਦੇਖਿਆ ਜਾ ਸਕਦਾ ਹੈ ਕਿ ਅੱਜ ਇੱਥੇ ਮੌਜੂਦ ਇੱਕ ਕੁੜੀ ਨੂੰ ਤਿੰਨ ਨੌਕਰੀਆਂ ਮਿਲੀਆਂ ਹਨ ਅਤੇ ਉਹ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਸਫਲ ਉਮੀਦਵਾਰਾਂ ਵਿੱਚੋਂ ਇੱਕ ਹੈ। ਇਹ ਇੱਕ ਨਵਾਂ ਯੁੱਗ ਹੈ। ਮੈਂ ਨੌਜਵਾਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਪੰਜਾਬ ਵਾਪਸ ਬੁਲਾਉਣ, ਉਨ੍ਹਾਂ ਨੂੰ ਨੌਕਰੀਆਂ ਅਸੀਂ ਦੇਵਾਂਗੇ।'

ਸਫ਼ਲ ਉਮੀਦਵਾਰਾਂ ਜੀਆ ਗਰਗ, ਅਮਨਦੀਪ ਸਿੰਘ ਪੰਨੂ, ਲਾਭਦੀਪ ਸਿੰਘ, ਰਬਿੰਦਰ ਸਿੰਘ ਟੱਕਰ, ਕੀਰਤੀ, ਪੁਸ਼ਪਿੰਦਰ, ਅਕਾਲਜੋਤ ਸਿੰਘ, ਹਰਸ਼, ਸੁਮਨਪ੍ਰੀਤ ਸਿੰਘ, ਜਤਿੰਦਰ ਸਿੰਘ, ਜੁਗਰਾਜ ਸਿੰਘ, ਹਨੀ, ਨਿਤੀਸ਼ ਅਤੇ ਹੋਰਨਾਂ ਨੇ ਮੁੱਖ ਮੰਤਰੀ ਦੀ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਪ੍ਰਦਾਨ ਕਰਨ ਲਈ ਸ਼ਲਾਘਾ ਕੀਤੀ। ਉਨ੍ਹਾ ਇਸ ਨੇਕ ਕਾਰਜ ਰਾਹੀਂ ਉਨ੍ਹਾਂ ਦੀ ਕਿਸਮਤ ਬਦਲਣ ਲਈ ਮੁੱਖ ਮੰਤਰੀ ਦਾ ਧੰਨਵਾਦ ਵੀ ਕੀਤਾ।

## ਰੋਡਵੇਜ਼ੀਆਂ ਦੀ ਹੜਤਾਲ ਟਲੀ

**ਚੰਡੀਗੜ੍ਹ** : ਪੀ ਆਰ ਟੀ ਸੀ, ਪੰਜਾਬ ਰੋਡਵੇਜ਼ ਅਤੇ ਪਨਬਸ ਕੰਟਰੈਕਟ ਵਰਕਰਜ਼ ਯੂਨੀਅਨ ਨੇ 24, 25 ਤੇ 26 ਜੂਨ ਨੂੰ ਕੀਤੀ ਜਾਣ ਵਾਲੀ ਹੜਤਾਲ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 24 ਜੂਨ ਨੂੰ ਮੀਟਿੰਗ ਲਈ ਸੱਦਾ ਭੇਜੇ ਜਾਣ ਕਾਰਨ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ। ਯੂਨੀਅਨ ਦੇ ਸੂਬਾਈ ਬੁਲਾਰੇ ਹਰਕੇਸ਼ ਵਿੱਕੀ ਪਟਿਆਲਾ ਨੇ ਉਮੀਦ ਜਤਾਈ ਹੈ ਕਿ ਮੀਟਿੰਗ ਵਿੱਚ ਵਰਕਰਾਂ ਦੀਆਂ ਮੰਗਾਂ ਦਾ ਕੋਈ ਸਾਰਥਕ ਹੱਲ ਕੱਢ ਲਿਆ ਜਾਵੇਗਾ।

## ਬਿੱਟੂ ਦੀ ਵਜ਼ੀਰੀ ਬਰਕਰਾਰ



**ਨਵੀਂ ਦਿੱਲੀ (ਨ ਜ਼ ਸ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਘੱਟ ਗਿਣਤੀ ਮਾਮਲਿਆਂ ਦੇ ਰਾਜ ਮੰਤਰੀ ਜਾਰਜ ਕੁਰੀਅਨ ਨੂੰ ਮੰਤਰੀ ਮੰਡਲ ਵਿੱਚੋਂ ਹਟਾ ਦਿੱਤਾ, ਪਰ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਨਹੀਂ ਹਟਾਇਆ, ਜਦਕਿ ਇਨ੍ਹਾਂ ਦੋਵਾਂ ਆਗੂਆਂ ਦਾ ਰਾਜ ਸਭਾ ਕਾਰਜਕਾਲ ਇੱਕੋ ਦਿਨ (21 ਜੂਨ ਨੂੰ) ਖਤਮ ਹੋਇਆ ਸੀ। ਬਿੱਟੂ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਸਨ ਅਤੇ ਹਾਲ ਹੀ ਵਿੱਚ ਉਨ੍ਹਾ ਨੂੰ ਦੁਬਾਰਾ ਸਦਨ ਲਈ ਨਾਮਜ਼ਦ ਨਹੀਂ ਸੀ ਕੀਤਾ ਗਿਆ। ਇਸੇ ਤਰ੍ਹਾਂ ਕੁਰੀਅਨ ਦਾ ਮੱਧ ਪ੍ਰਦੇਸ਼ ਤੋਂ ਕਾਰਜਕਾਲ ਖਤਮ ਹੋਣ ਤੋਂ ਬਾਅਦ ਉਨ੍ਹਾ ਨੂੰ ਵੀ ਦੁਬਾਰਾ ਨਾਮਜ਼ਦ ਨਹੀਂ ਕੀਤਾ ਗਿਆ ਸੀ। ਬਿੱਟੂ ਨੂੰ ਅਸਤੀਫਾ ਦੇਣ ਲਈ ਨਾ ਕਹੇ ਜਾਣ ਕਾਰਨ ਹੁਣ ਇਹ ਚਰਚਾਵਾਂ ਤੇਜ਼ ਹੋ ਗਈਆਂ ਹਨ ਕਿ ਕੀ ਪ੍ਰਧਾਨ ਮੰਤਰੀ ਉਨ੍ਹਾ ਨੂੰ ਅਹੁਦੇ ਤੋਂ ਹਟਾਉਣਗੇ ਵੀ ਜਾਂ ਨਹੀਂ, ਕਿਉਂਕਿ ਉਹ ਪੰਜਾਬ ਦੇ ਇੱਕ ਸੀਨੀਅਰ ਜੱਟ ਸਿੱਖ ਆਗੂ ਹਨ ਅਤੇ ਪੰਜਾਬ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਨਿਯਮਾਂ ਮੁਤਾਬਕ ਬਿੱਟੂ ਸੰਸਦ ਮੈਂਬਰ ਨਾ ਹੋਣ ਦੇ ਬਾਵਜੂਦ ਛੇ ਮਹੀਨਿਆਂ ਤੱਕ ਮੰਤਰੀ ਰਹਿ ਸਕਦੇ ਹਨ।

## ਡਰਾਈਵਰ ਬਾਹਰ ਨਹੀਂ ਨਿਕਲ ਸਕਿਆ



**ਜਲੰਧਰ** : ਨੇੜਲੇ ਪਿੰਡ ਫੋਲੜੀਵਾਲ ਦੇ ਖੇਤਾਂ ਕੋਲ ਚਲਦੀ ਸਕਾਰਪੀਓ ਨੂੰ ਅਚਾਨਕ ਅੱਗ ਲੱਗਣ ਕਾਰਨ ਡਰਾਈਵਰ ਦੀ ਮੌਤ ਹੋ ਗਈ। ਲੋਕਾਂ ਨੇ ਅੱਗ ਬੁਝਾਉਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਕਾਮਯਾਬੀ ਨਹੀਂ ਮਿਲੀ। ਨੰਬਰ ਪਲੇਟ ਤੋਂ ਪਤਾ ਲੱਗਿਆ ਹੈ ਕਿ ਗੱਡੀ ਕਪੂਰਥਲਾ ਜ਼ਿਲ੍ਹੇ ਨਾਲ ਸੰਬੰਧਤ ਹੈ ਅਤੇ ਗੁਰਪ੍ਰੀਤ ਸਿੰਘ ਦੇ ਨਾਂਅ 'ਤੇ ਰਜਿਸਟਰਡ ਹੈ। ਪੁਲਸ ਚੌਕੀ ਫੋਲੜੀਵਾਲ ਦੇ ਇੰਚਾਰਜ ਜਸਵੀਰ ਸਿੰਘ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਮੁਤਾਬਕ ਸ਼ੀਸ਼ੇ ਦੇ ਨੇੜੇ ਰੱਖਿਆ ਬੌਡੀ ਸਪਰੇਅ ਜਾਂ ਕੋਈ ਹੋਰ ਡੱਬਾਬੰਦ ਗੈਸ ਵਾਲੀ ਚੀਜ਼ ਫਟਣ ਕਾਰਨ ਇਹ ਅੱਗ ਲੱਗ ਸਕਦੀ ਹੈ। ਦਰਵਾਜ਼ੇ ਲਾਕ ਹੋਣ ਕਾਰਨ ਡਰਾਈਵਰ ਬਾਹਰ ਨਹੀਂ ਨਿਕਲ ਸਕਿਆ। ਦੇਹ ਬੁਰੀ ਤਰ੍ਹਾਂ ਸੜ ਜਾਣ ਕਾਰਨ ਉਸ ਦੀ ਫੌਰੀ ਸ਼ਨਾਖਤ ਨਹੀਂ ਹੋ ਸਕੀ।

## ਨਿਹੰਗਾਂ ਨੇ ਨਗਰਾਸੂ ਸਾਹਿਬ ਗੁਰਦੁਆਰਾ ਛੱਡਿਆ

**ਦੇਹਰਾਦੂਨ (ਨ ਜ਼ ਸ)** : ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਦੇ ਨਗਰਾਸੂ ਗੁਰਦੁਆਰਾ ਸਾਹਿਬ 'ਚ ਤਿੰਨ ਦਿਨਾਂ ਤੋਂ ਚੱਲ ਰਿਹਾ ਟਕਰਾਅ ਮੰਗਲਵਾਰ ਖਤਮ ਹੋ ਗਿਆ। ਜ਼ਿਲ੍ਹਾ ਮੈਜਿਸਟਰੇਟ ਵਿਸ਼ਾਲ ਮਿਸ਼ਰਾ ਨੇ ਦੱਸਿਆ ਕਿ ਪੰਜਾਬ ਤੋਂ ਪਹੁੰਚੇ ਸਿੱਖ ਪ੍ਰਤੀਨਿਧ ਮੰਡਲ ਅਤੇ ਪ੍ਰਸ਼ਾਸਨ ਵਿਚਾਲੇ ਹੋਈ ਗੱਲਬਾਤ ਤੋਂ ਬਾਅਦ ਨਿਹੰਗ ਸਿੰਘਾਂ ਨੇ ਕਬਜ਼ਾ ਛੱਡ ਦਿੱਤਾ ਤੇ ਗੁਰਦੁਆਰਾ ਖੇਤਰ ਖਾਲੀ ਕਰ ਦਿੱਤਾ। ਵਿਵਾਦ 16 ਜੂਨ ਨੂੰ ਚਮੋਲੀ ਜ਼ਿਲ੍ਹੇ ਦੇ ਕਰਨਪ੍ਰਯਾਗ ਵਿੱਚ ਪਾਰਕਿੰਗ ਨੂੰ ਲੈ ਕੇ ਹੋਈ ਝੜਪ ਤੋਂ ਬਾਅਦ ਸ਼ੁਰੂ ਹੋਇਆ ਸੀ। ਇਸ ਘਟਨਾ ਵਿੱਚ ਕੁਝ ਸਥਾਨਕ ਲੋਕ ਜ਼ਖ਼ਮੀ ਹੋ ਗਏ ਸਨ ਅਤੇ ਪੁਲਸ ਨੇ ਚਾਰ ਨਿਹੰਗਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਕਾਰਵਾਈ ਦੇ ਵਿਰੋਧ ਵਿੱਚ ਮੁਹਾਲੀ ਤੋਂ

• ਬਾਕੀ ਸਫਾ 10 'ਤੇ

# ਬਿਜਲੀ ਬੋਰਡ ਦੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ : ਬਰਾੜ, ਧਾਲੀਵਾਲ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ ਪੀ ਐੱਸ ਪੀ ਸੀ ਐੱਲ (ਬਿਜਲੀ ਬੋਰਡ) ਦੀ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਦਾ ਠੇਕਾ ਪ੍ਰਣਾਲੀ ਅਧੀਨ ਕੰਮ ਕਰਦੇ ਵੱਖ-ਵੱਖ ਕੈਟਾਗਰੀਆਂ ਦੇ ਵਰਕਰਾਂ ਪ੍ਰਤੀ ਜੋ ਕਠੋਰ ਅਤੇ ਅੱਤ ਦਾ ਨਿੰਦਣਯੋਗ ਰਵੱਈਆ ਅਖਤਿਆਰ ਕਰਕੇ ਮੰਨੀਆਂ ਮੰਗਾਂ ਲਾਗੂ ਕਰਨ ਦੀ ਬਜਾਏ ਮੁਕਰ ਜਾਣ ਨੂੰ ਇਕ ਗੈਰ-ਇਖਲਾਕੀ ਕਦਮ ਦੱਸਦਿਆਂ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਕੰਮ ਕਰਦੇ ਵਰਕਰ, ਥਰਮਲ ਪਲਾਂਟ ਰੋਪੜ ਅਤੇ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਠੇਕੇ ਪ੍ਰਣਾਲੀ ਅਧੀਨ ਕੰਮ ਕਰਦੇ ਵਰਕਰਾਂ ਦਾ ਸਾਲਾਂਬੱਧੀ ਸਮੇਂ ਤੋਂ ਨਿਗੂਣੀਆਂ ਤਨਖਾਹਾਂ ਦੇ ਕੇ ਮੁਜਰਮਾਨਾ ਤਰੀਕੇ ਨਾਲ ਆਰਥਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਵਾਰ-ਵਾਰ ਇਨ੍ਹਾਂ ਵਰਕਰਾਂ ਨੂੰ ਬਿਜਲੀ ਅਦਾਰੇ ਅਧੀਨ ਸਿੱਧੇ ਠੇਕੇ ਅਧੀਨ ਲਿਆ ਕੇ ਅਗਲੇ ਪੜਾਅ ਤੇ ਰੈਗੂਲਰ ਕਰਨ ਦਾ ਭਰੋਸਾ ਦਿਤਾ ਜਾਂਦਾ ਹੈ ਅਤੇ ਫਿਰ ਮੁਕਰਿਆ ਜਾਂਦਾ ਹੈ, ਜਿਸ ਕਾਰਨ ਵਰਕਰਾਂ ਵਿਚ ਨਿਰਾਸ਼ਾ ਅਤੇ ਪੰਜਾਬ ਸਰਕਾਰ ਦੇ ਬਿਜਲੀ ਮੰਤਰੀ ਅਤੇ ਮੈਨੇਜਮੈਂਟ ਵਿਰੁੱਧ ਜ਼ਬਰਦਸਤ ਗੁੱਸਾ ਪਾਇਆ ਜਾ ਰਿਹਾ ਹੈ। ਇਹ ਰੋਸ ਅਤੇ ਗੁੱਸਾ ਵਾਜਬ ਵੀ ਹੈ, ਕਿਉਂਕਿ ਥੋੜ੍ਹਾ ਅਰਸਾ ਪਹਿਲਾਂ 6-7 ਹਜ਼ਾਰ ਠੇਕਾ ਕਰਮਚਾਰੀਆਂ ਨੂੰ ਬਿਜਲੀ ਬੋਰਡ ਵਲੋਂ ਸਿਧੇ ਠੇਕੇ ਅਧੀਨ ਲੈ ਲਿਆ ਗਿਆ ਹੈ, ਪਰ ਇਹ ਜੋ 6-7 ਹਜ਼ਾਰ ਹੋਰ ਠੇਕਾ ਕਰਮਚਾਰੀਆਂ ਨੂੰ ਸਿਧੇ ਕੰਟਰੈਕਟ ਅਧੀਨ ਕਰਨ ਤੋਂ ਸਰਕਾਰ ਅਤੇ ਮੈਨੇਜਮੈਂਟ ਪਾਸਾ ਵੱਟਣਾ ਚਾਹੁੰਦੀ ਹੈ, ਜਿਸ ਦੇ ਰੋਸ ਵਜੋਂ ਹਜ਼ਾਰਾਂ ਵਰਕਰ ਹੜਤਾਲ 'ਤੇ ਹਨ। ਸਰਕਾਰ ਅਤੇ ਮੈਨੇਜਮੈਂਟ ਹੜਤਾਲ ਕੁਚਲਣ ਦੀਆਂ ਧਮਕੀਆਂ ਦੇ ਰਹੀ ਹੈ ਅਤੇ ਵਰਕਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦੀਆਂ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਪੁਲਸ ਜਬਰ ਕਰਨ ਦੇ ਸੰਕੇਤ ਵੀ ਦਿੱਤੇ ਜਾ ਰਹੇ ਹਨ। ਇਸ ਤਰ੍ਹਾਂ ਦੇ ਕਿਸੇ ਵੀ ਹੱਥਕੰਡਿਆਂ ਦਾ ਸਮੁੱਚੇ ਪੰਜਾਬ ਦੀ ਮਜ਼ਦੂਰ ਜਮਾਤ ਮੂੰਹਤੋੜ ਜਵਾਬ ਦੇਵੇਗੀ।

ਬਰਾੜ ਅਤੇ ਧਾਲੀਵਾਲ ਨੇ ਬਿਜਲੀ ਮੰਤਰੀ ਅਤੇ ਬਿਜਲੀ ਬੋਰਡ ਮੈਨੇਜਮੈਂਟ ਨੂੰ ਪੰਜਾਬ ਏਟਕ ਵਲੋਂ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਕੰਟਰੈਕਟ ਵਰਕਰਾਂ ਦੀਆਂ ਮੰਨੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ। ਆਗੂਆਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹੜਤਾਲੀ ਵਰਕਰਾਂ ਵਿਰੁੱਧ ਕੋਈ ਵਧੀਕੀ ਕੀਤੀ ਗਈ ਅਤੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਪੰਜਾਬ ਏਟਕ ਨਾਲ ਸੰਬੰਧਤ ਜਥੇਬੰਦੀਆਂ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਵੱਲੋਂ ਇਸ ਅੰਦੋਲਨ ਦੀ ਵੱਡੇ ਪੱਧਰ 'ਤੇ ਹਮਾਇਤ ਕਰਦੇ ਹੋਏ ਇਸ ਨੂੰ ਵਿਸ਼ਾਲ ਅੰਦੋਲਨ ਦਾ ਰੂਪ ਦੇ ਦਿੱਤਾ ਜਾਵੇਗਾ।

## ਐਵੇਂ ਨਾ ਸਾਰੇ ਪੈਸੇ...

**ਜਲੰਧਰ (ਨ ਜ਼ ਸ)**-ਤਲਵਾੜਾ ਇਲਾਕੇ ਦੇ ਨੌਜਵਾਨਾਂ ਦੇ ਗਰੁੱਪ ਵੱਲੋਂ ਤਿਆਰ ਰੈਪ ਗੀਤ ਨੇ ਮੰਗਲਵਾਰ ਸਵੇਰੇ ਰਿਲੀਜ਼ ਹੋਣ ਦੇ ਮਹਿਜ਼ 11 ਘੰਟਿਆਂ ਦੇ ਅੰਦਰ ਹੀ 30 ਲੱਖ ਤੋਂ ਵੱਧ ਵਿਊਜ਼ ਹਾਸਲ ਕਰਕੇ ਇੰਟਰਨੈੱਟ 'ਤੇ ਧੁੰਮ ਮਚਾ ਦਿੱਤੀ। ਇਸ ਵੀਡੀਓ ਵਿੱਚ ਨੌਜਵਾਨ ਇਹ ਗਿਲਾ ਕਰਦੇ ਸੁਣਾਈ ਦੇ ਰਹੇ ਹਨ ਕਿ 'ਮਾਵਾਂ ਧੀਆਂ ਸਤਿਕਾਰ ਯੋਜਨਾ' ਅਤੇ 'ਮੁਫਤ ਬੱਸ ਸਫਰ ਸਹੂਲਤ' ਸਿਰਫ ਮਹਿਲਾਵਾਂ ਲਈ ਹੀ ਰਾਖਵੀਆਂ ਹਨ। ਉਨ੍ਹਾਂ ਸੁਝਾਅ ਦਿੱਤਾ ਹੈ ਕਿ ਜਨਰਲ ਕੈਟਾਗਰੀ ਦੀਆਂ ਔਰਤਾਂ ਨੂੰ ਮਿਲਣ ਵਾਲੀ ਰਾਸ਼ੀ ਦੀ ਅੱਧੀ ਰਕਮ, ਯਾਨੀ ਘੱਟੋ-ਘੱਟ 500 ਰੁਪਏ ਪ੍ਰਤੀ ਮਹੀਨਾ ਮਰਦਾਂ ਦੇ ਖਾਤੇ ਵਿੱਚ ਵੀ ਪਾਈ ਜਾਵੇ। ਵਾਇਰਲ ਗੀਤ ਦੇ ਬੋਲ ਹਨ : ਸੀ ਐੱਮ ਮਾਨ ਨੂੰ ਸੁਨੇਹਾ ਮੇਰਾ ਪਹੁੰਚਾ ਦਿਓ, ਬੰਦਿਆਂ ਦੇ ਖਾਤੇ ਜੋਗੇ 500 ਹੀ ਪਵਾ ਦਿਓ, ਐਵੇਂ ਨਾ ਸਾਰੇ ਪੈਸੇ ਬੀਬੀਆਂ 'ਤੇ ਉਡਾ ਦਿਓ। ਨੌਜਵਾਨ ਰੈਪਰ ਹਾਸੋਹੀਣੇ ਪਰ ਤਿੱਖੇ ਅੰਦਾਜ਼ ਵਿੱਚ ਇਹ ਵੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਘਰਾਂ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਜ਼ਨਾਨੀਆਂ ਉਨ੍ਹਾਂ ਨੂੰ ਰੋਟੀ ਪਕਾ ਕੇ ਦੇਣ ਤੋਂ ਵੀ ਮਨ੍ਹਾ ਕਰ ਦੇਣ।

# ਵਿਆਹ ਦੀਆਂ ਤਿਆਰੀਆਂ ਸਸਕਾਰ 'ਚ ਬਦਲੀਆਂ

**ਲਖਨਊ (ਨ ਜ਼ ਸ)**
ਨੀਲੇਸ਼ ਕੁਮਾਰ ਲਈ ਤਰੱਕੀ, ਤਨਖਾਹ ਵਿੱਚ ਵਾਧਾ ਅਤੇ ਉਸ ਕੁੜੀ ਨਾਲ ਵਿਆਹ, ਜਿਸ ਨੂੰ ਉਹ ਪਿਆਰ ਕਰਦਾ ਸੀ, ਸਭ ਕੁਝ ਪਹੁੰਚ ਵਿੱਚ ਸੀ। ਅਨਾਮਿਕਾ ਸਾਮੰਤ, ਜਿਸ ਦੇ ਮਾਪੇ ਪਿਛਲੇ ਹਫਤੇ ਪੱਛਮੀ ਬੰਗਾਲ ਤੋਂ ਉਸ ਦੇ ਹੋਣ ਵਾਲੇ ਸਹੁਰਿਆਂ ਨੂੰ ਮਿਲਣ ਲਈ ਆਏ ਸਨ, ਲਈ ਜ਼ਿੰਦਗੀ ਦਾ ਇੱਕ ਨਵਾਂ ਅਧਿਆਇ ਸ਼ੁਰੂ ਹੋਣ ਵਾਲਾ ਸੀ, ਪਰ ਇਹ ਜੋੜਾ ਸੋਮਵਾਰ ਲਖਨਊ ਵਿੱਚ ਇੱਕ ਕਮਰਸ਼ੀਅਲ ਇਮਾਰਤ ਵਿੱਚ ਲੱਗੀ ਅੱਗ ਦਾ ਸ਼ਿਕਾਰ ਹੋ ਗਿਆ, ਜਿਸ ਨਾਲ ਵਿਆਹ ਦੀਆਂ ਤਿਆਰੀਆਂ ਅੰਤਮ ਸੰਸਕਾਰ ਦੇ ਪ੍ਰਬੰਧਾਂ ਵਿੱਚ ਬਦਲ ਗਈਆਂ।

27 ਸਾਲਾ ਨੀਲੇਸ਼ ਕੁਮਾਰ ਅਤੇ 30 ਸਾਲਾ ਅਨਾਮਿਕਾ ਸਾਮੰਤ ਦੀ ਮੁਲਾਕਾਤ ਇਮਾਰਤ ਵਿਚਲੇ ਕੋਚਿੰਗ ਸੈਂਟਰ ਵਿੱਚ ਕੰਮ ਕਰਦੇ ਸਮੇਂ ਹੋਈ ਸੀ। ਦੋਸਤੀ ਦੀ ਸ਼ੁਰੂਆਤ ਹੌਲੀ-ਹੌਲੀ ਇੱਕ ਰਿਸ਼ਤੇ ਵਿੱਚ ਬਦਲ ਗਈ, ਜਿਸ ਨੇ ਦੋਵਾਂ ਪਰਵਾਰਾਂ ਦੀ ਪ੍ਰਵਾਨਗੀ ਪ੍ਰਾਪਤ ਕੀਤੀ।

ਪਿਛਲੇ ਹਫਤੇ ਹੀ ਅਨਾਮਿਕਾ ਦੇ ਮਾਤਾ-ਪਿਤਾ ਨੀਲੇਸ਼ ਅਤੇ



ਉਸ ਦੇ ਪਰਵਾਰ ਨੂੰ ਮਿਲਣ ਲਈ ਪੱਛਮੀ ਬੰਗਾਲ ਤੋਂ ਲਖਨਊ ਆਏ ਸਨ, ਕਿਉਂਕਿ ਉਨ੍ਹਾਂ ਦੇ ਵਿਆਹ ਦੀਆਂ ਤਿਆਰੀਆਂ ਤੇਜ਼ ਹੋ ਰਹੀਆਂ ਸਨ। ਨੀਲੇਸ਼ ਦੇ ਭਰਾ ਅਭਿਸ਼ੇਕ ਨੇ ਪੋਸਟਮਾਰਟਮ ਹਾਊਸ ਦੇ ਬਾਹਰ ਦੱਸਿਆ, 'ਸਾਡੇ ਘਰ ਇੱਕ ਛੋਟਾ ਜਿਹਾ ਸਮਾਰੋਹ ਕੀਤਾ ਗਿਆ ਸੀ। ਅਸੀਂ ਸਾਰੇ ਅਨਾਮਿਕਾ ਨੂੰ ਮਿਲੇ। ਉਹ ਬਹੁਤ ਹੀ ਹੱਸਮੁੱਖ ਕੁੜੀ ਸੀ।' ਨੀਲੇਸ਼ ਦੇ ਰਿਸ਼ਤੇਦਾਰਾਂ ਨੇ ਅਗਲੇ ਹਫਤੇ ਪੱਛਮੀ ਬੰਗਾਲ ਵਿੱਚ ਅਨਾਮਿਕਾ ਦੇ ਪਰਵਾਰ ਨੂੰ ਮਿਲਣ ਲਈ ਰੇਲ ਟਿਕਟਾਂ ਬੁੱਕ ਕਰਵਾਈਆਂ ਸਨ।

ਤਿੰਨ ਭੈਣ-ਭਰਾਵਾਂ ਵਿੱਚੋਂ ਦੂਜੇ ਨੰਬਰ 'ਤੇ ਨੀਲੇਸ਼ ਰਿਸ਼ਤੇਦਾਰਾਂ ਵਿੱਚ ਇੱਕ ਮਿਹਨਤੀ ਅਤੇ ਸਮਰਪਤ ਪੇਸ਼ੇਵਰ ਵਜੋਂ ਜਾਣਿਆ ਜਾਂਦਾ ਸੀ, ਜਿਸ ਦਾ ਜੀਵਨ ਉਸ ਦੀ ਨੌਕਰੀ ਦੇ ਦੁਆਲੇ ਘੁੰਮਦਾ ਸੀ। ਉਹ ਇਸ ਸਾਲ ਤਰੱਕੀ ਅਤੇ ਤਨਖਾਹ ਵਿੱਚ ਵਾਧੇ ਦੀ ਉਮੀਦ ਕਰ ਰਿਹਾ ਸੀ ਅਤੇ ਸੈਟਲ ਹੋਣ ਤੋਂ ਪਹਿਲਾਂ ਆਪਣੇ ਵਿੱਤੀ ਹਾਲਤ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ। ਇੱਕ ਪਰਵਾਰਕ ਮੈਂਬਰ ਸਮਰੇਂਦਰ ਨੇ ਕਿਹਾ, 'ਅਸੀਂ ਇਸ ਸਾਲ ਹੀ ਵਿਆਹ ਕਰਨਾ ਚਾਹੁੰਦੇ ਸੀ, ਪਰ ਉਸ ਨੇ ਸਾਨੂੰ ਦੱਸਿਆ ਕਿ ਉਹ ਅਗਲੇ ਸਾਲ ਨਵੇਂ ਘਰ ਦੇ ਮੁਕੰਮਲ ਹੋਣ ਤੋਂ ਬਾਅਦ ਉੱਥੇ ਵਿਆਹ ਕਰਵਾਏਗਾ।'

ਅਨਾਮਿਕਾ ਦੇ ਪਰਵਾਰ ਲਈ ਇਹ ਦੁਖਾਂਤ ਹੋਰ ਵੀ ਡੂੰਘਾ ਹੋ ਗਿਆ ਹੈ। ਉਸ ਦੀ ਚਚੇਰੀ ਭੈਣ ਸੋਮਿਲਿਆ (27), ਜੋ ਕਿ ਸੈਂਟਰ ਵਿੱਚ ਕੰਮ ਕਰਦੀ ਸੀ, ਅੱਗ ਵਿੱਚ

• ਬਾਕੀ ਸਫਾ 10 'ਤੇ

## ਚੀਮਾ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ 'ਤੇ ਤੁਰੰਤ ਕਾਰਵਾਈ ਦੇ ਨਿਰਦੇਸ਼



**ਚੰਡੀਗੜ੍ਹ (ਗੁਰਜੀਤ ਬਿੱਲਾ)**-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਜੋਂ ਮੰਗਲਵਾਰ ਇੱਥੇ ਚਾਰ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਉਨ੍ਹਾਂ ਦੇ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਵਿਸਤ੍ਰਿਤ ਮੀਟਿੰਗਾਂ ਕੀਤੀਆਂ।ਆਪਣੇ ਦਫ਼ਤਰ ਵਿਖੇ ਉੱਚ ਪੱਧਰੀ ਮੀਟਿੰਗਾਂ ਦੌਰਾਨ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਵੱਲੋਂ ਸੌਂਪੇ ਗਏ ਮੰਗ ਪੱਤਰਾਂ ਦੀ ਸਮੀਖਿਆ ਕਰਦਿਆਂ ਚੀਮਾ ਨੇ ਕਿਹਾ ਕਿ ਮੁਲਾਜ਼ਮਾਂ ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਮੰਗਾਂ 'ਤੇ ਹਮਦਰਦੀ ਪੂਰਵਕ ਅਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਸੰਬੰਧਤ ਵਿਭਾਗੀ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਦੇ ਮੁਲਾਜ਼ਮਾਂ ਨੂੰ ਸਮੇਂ ਸਿਰ ਰਾਹਤ ਦੇਣ ਲਈ ਪਹਿਲਾਂ ਤੋਂ ਵਿਚਾਰ ਅਧੀਨ ਮਾਮਲਿਆਂ ਦੀ ਪ੍ਰਸ਼ਾਸਕੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ। ਇਨ੍ਹਾਂ ਮੀਟਿੰਗਾਂ ਵਿੱਚ ਕੋਵਿਡ-19 ਮੈਡੀਕਲ ਅਤੇ ਪੈਰਾ ਮੈਡੀਕਲ ਵਲੰਟੀਅਰ ਯੂਨੀਅਨ, ਜਲ ਸਪਲਾਈ ਅਤੇ ਸੈਨੀਟੇਸ਼ਨ ਸੋਸ਼ਲ ਇੰਪਲਾਈਜ਼ ਯੂਨੀਅਨ, ਸਰਵ (ਸਮੱਗਰਾ) ਸਿੱਖਿਆ ਅਭਿਆਨ ਮਿਡ-ਡੇ-ਮੀਲ ਦਫ਼ਤਰੀ ਕਰਮਚਾਰੀ ਯੂਨੀਅਨ ਅਤੇ ਐਸੋਸੀਏਟ ਪ੍ਰੀ-ਪ੍ਰਾਇਮਰੀ ਅਧਿਆਪਕ ਯੂਨੀਅਨ ਦੀ ਲੀਡਰਸ਼ਿਪ ਨੇ ਸਰਗਰਮੀ ਨਾਲ ਭਾਗ ਲਿਆ।ਇਨ੍ਹਾਂ ਮੀਟਿੰਗਾਂ ਵਿੱਚ ਮੁੱਖ ਤੌਰ 'ਤੇ ਯੂਨੀਅਨਾਂ ਦੇ ਨੁਮਾਇੰਦੇ ਕੁਲਦੀਪ ਸਿੰਘ, ਰਾਜਿੰਦਰ ਸਿੰਘ ਸੰਧਾ, ਜਗਮੋਹਨ ਸਿੰਘ, ਰਾਜਵਿੰਦਰ ਸਿੰਘ, ਨਵਜੋਤ ਸਿੰਘ, ਅਮਨਦੀਪ ਕੰਬੋਜ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਈਰਾਨ ਨੂੰ ਕਣਕ ਤੇ ਮੱਕੀ ਵੇਚਾਂਗੇ : ਟਰੰਪ

**ਵਾਸ਼ਿੰਗਟਨ (ਨ ਜ਼ ਸ)**-ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਸ਼ਾਂਤੀ ਵਾਰਤਾ ਨੂੰ ਅਮਰੀਕੀ ਕਿਸਾਨਾਂ ਲਈ ਇੱਕ ਜਿੱਤ ਦੱਸਦਿਆਂ ਕਿਹਾ ਹੈ ਕਿ ਈਰਾਨ ਦੇ ਫ੍ਰੀਜ਼ ਕੀਤੇ ਗਏ ਪੈਸਿਆਂ ਨੂੰ ਖੋਲ੍ਹਣ ਦਾ ਸੰਬੰਧ ਉਸ ਦੇਸ਼ ਵੱਲੋਂ ਅਮਰੀਕਾ ਵਿੱਚ ਉਗਾਈ ਜਾਣ ਵਾਲੀ ਮੱਕੀ, ਸੋਇਆਬੀਨ ਅਤੇ ਕਣਕ ਦੀ ਖਰੀਦ ਨਾਲ ਜੋੜਿਆ ਜਾਵੇਗਾ। ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ, 'ਇਹ ਉਹ ਚੀਜ਼ਾਂ ਹਨ, ਜਿਨ੍ਹਾਂ ਦੀ ਈਰਾਨ ਨੂੰ ਬੇਹੱਦ ਲੋੜ ਹੈ। ਇਹ ਇੱਕ ਮਾਨਵੀ ਸੰਕਟ ਹੈ ਅਤੇ ਮੈਨੂੰ ਲੱਗਦਾ ਹੈ ਕਿ ਮਦਦ ਕਰਨਾ ਜ਼ਰੂਰੀ ਹੈ।' ਪਰ ਈਰਾਨ ਵੱਡੀ ਮਾਤਰਾ ਵਿੱਚ ਅਮਰੀਕੀ ਖੇਤੀ ਉਤਪਾਦਾਂ ਦੀ ਖਰੀਦ ਸ਼ੁਰੂ ਕਰੇ, ਇਸ ਦੀ ਸੰਭਾਵਨਾ ਘੱਟ ਹੈ। ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੇ ਰਿਸਰਚ ਫੈਲੋ ਐਮੇਰਿਟਸ ਜੋਸੇਫ ਗਲਾਬਰ ਨੇ ਕਿਹਾ, 'ਮੈਨੂੰ ਉਮੀਦ ਨਹੀਂ ਹੈ ਕਿ ਥੋੜ੍ਹੇ ਸਮੇਂ ਵਿੱਚ ਵਪਾਰ ਬਹੁਤ ਵੱਡਾ ਹੋਵੇਗਾ।' ਗਲਾਬਰ ਨੇ ਨੋਟ ਕੀਤਾ ਕਿ ਈਰਾਨ ਲਈ ਅਮਰੀਕਾ ਖਾਤਰ ਭੋਜਨ ਦੇ ਆਪਣੇ ਹੋਰ ਵਪਾਰਕ ਭਾਈਵਾਲਾਂ ਨੂੰ ਛੱਡਣਾ ਅਸੰਭਵ ਹੈ। ਈਰਾਨ ਦੇ ਪ੍ਰਮੁੱਖ ਸਪਲਾਇਰਾਂ ਵਿੱਚ ਬ੍ਰਾਜ਼ੀਲ, ਭਾਰਤ, ਤੁਰਕੀ, ਯੂਰਪੀ ਸੰਘ, ਕੈਨੇਡਾ, ਆਸਟਰੇਲੀਆ ਤੇ ਅਰਜਨਟੀਨਾ ਸ਼ਾਮਲ ਹਨ ਅਤੇ ਟਰੰਪ ਦੀ ਅਮਰੀਕਾ ਤੋਂ ਖਰੀਦਦਾਰੀ ਕਰਨ ਦੀ ਮੰਗ ਅਮਰੀਕਾ ਦੇ ਮੁਕਾਬਲੇਬਾਜ਼ਾਂ ਨਾਲ ਕੁਝ ਕੁੜੱਤਣ ਪੈਦਾ ਕਰੇਗੀ।

## ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਬਾਰੇ ਨਵਾਂ ਕਾਨੂੰਨ ਬਣਾਉਣ ਦਾ ਧਾਮੀ ਵੱਲੋਂ ਵਿਰੋਧ

**ਅੰਮ੍ਰਿਤਸਰ (ਨ ਜ਼ ਸ)**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਦੇ ਪ੍ਰਬੰਧ ਸੰਬੰਧੀ 1956 ਦੇ ਕਾਨੂੰਨ ਨੂੰ ਰੱਦ ਕਰਕੇ ਨਵਾਂ ਕਾਨੂੰਨ ਬਣਾਏ ਜਾਣ ਬਾਰੇ ਫੈਸਲੇ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ।

ਉਨ੍ਹਾ ਕਿਹਾ ਕਿ ਸਿੱਖ ਕੌਮ ਦੇ ਪੰਜਵੇਂ ਤਖਤ ਦੀ ਮਰਿਆਦਾ, ਪ੍ਰਬੰਧ ਅਤੇ ਧਾਰਮਕ ਖੁਦਮੁਖਤਾਰੀ ਨਾਲ ਜੁੜੇ ਕਿਸੇ ਵੀ ਫੈਸਲੇ ਤੋਂ ਪਹਿਲਾਂ ਸਿੱਖ ਸੰਸਥਾਵਾਂ, ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ। ਸਰਕਾਰਾਂ ਵੱਲੋਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨ ਸਿੱਖ ਸੰਗਤਾਂ ਕਦੇ ਵੀ ਬਰਦਾਸ਼ਤ ਨਹੀਂ ਕਰਨਗੀਆਂ।

ਮਹਾਰਾਸ਼ਟਰ ਮੰਤਰੀ ਮੰਡਲ ਦੀ ਬੈਠਕ ਵਿੱਚ 'ਦਾ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ 1956' ਨੂੰ ਪੁਰਾਣਾ ਦੱਸ ਕੇ ਰੱਦ ਕਰ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਬੋਰਡ ਲਈ ਨਵਾਂ ਬਣਾਏ ਜਾ ਰਹੇ ਕਾਨੂੰਨ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ, ਜਿਸ ਨੂੰ ਜਲਦ ਹੀ ਵਿਧਾਨ ਸਭਾ ਅੱਗੇ ਪ੍ਰਵਾਨਗੀ ਲਈ ਰੱਖਿਆ ਜਾਵੇਗਾ। ਸਰਕਾਰ ਨੇ ਸੂਬੇ ਦੇ ਸਿੱਖ ਆਗੂਆਂ ਨਾਲ ਨਵੇਂ ਕਾਨੂੰਨ ਬਾਰੇ ਚਰਚਾ ਵੀ ਸ਼ੁਰੂ ਕਰ ਦਿੱਤੀ ਗਈ ਹੈ।

## ਪੁਲ ਡਿੱਗਣ ਨਾਲ ਟਰੱਕ ਦਰਿਆ 'ਚ

**ਸ਼ਿਮਲਾ (ਨ ਜ਼ ਸ)**-ਹਿਮਾਚਲ ਦੇ ਕਨੌਰ ਜ਼ਿਲ੍ਹੇ ਵਿੱਚ ਮੰਗਲਵਾਰ ਲੋਹੇ ਦਾ ਅਸਥਾਈ ਪੁਲ ਡਿੱਗਣ ਕਾਰਨ ਟਰੱਕ ਸਤਲੁਜ ਦਰਿਆ ਵਿੱਚ ਡਿੱਗ ਗਿਆ। ਤਾਂ ਵੀ ਡਰਾਈਵਰ ਮਾਮੂਲੀ ਸੱਟਾਂ ਨਾਲ ਵਾਲ-ਵਾਲ ਬਚ ਗਿਆ।

ਹਾਦਸਾ ਰਾਸ਼ਟਰੀ ਰਾਜਮਾਰਗ-ਪੰਜ (ਪੁਰਾਣਾ ਹਿੰਦੁਸਤਾਨ-ਤਿੱਬਤ ਮਾਰਗ) ਉੱਤੇ ਰੀਕੌਂਗਪੀਓ ਅਤੇ ਟਾਪਰੀ ਦੇ ਵਿਚਕਾਰ ਉਰਨੀ ਢਾਂਕ ਕੋਲ ਉਸ ਸਮੇਂ ਵਾਪਰਿਆ, ਜਦੋਂ ਟਰੱਕ ਪੁਲ ਤੋਂ ਲੰਘ ਰਿਹਾ ਸੀ। ਉਹ ਦੂਜੇ ਸਿਰੇ 'ਤੇ ਪਹੁੰਚਣ ਹੀ ਵਾਲਾ ਸੀ ਕਿ ਪੁਲ ਡਿੱਗ ਗਿਆ।

## ਅੱਜ-ਨਾਮਾ

ਹਾਦਸੇ ਸੜਕ ਉੱਪਰ ਹੁੰਦੇ ਆਮ ਰਹਿੰਦੇ,
ਅਜਾਈਂ ਲੋਕਾਂ ਦੀ ਜਾਂਦੀ ਆ ਜਾਨ ਬੇਲੀ।
ਕਰਦਿਆਂ ਕ੍ਰਿਤ ਮਸ਼ੀਨਾਂ ਦੇ ਹਾਦਸੇ ਵਿੱਚ,
ਜਾਂਦੇ ਕਈ ਬੰਦੇ ਫਿਰ ਛੋੜ ਜਹਾਨ ਬੇਲੀ।
ਉਸਾਰੀ ਕਰਦਿਆਂ ਡਿੱਗੀ ਜਾਂ ਕੰਧ ਕਿਧਰੇ,
ਮਰ ਗਏ ਸੁਣੇ ਹਨ ਕਈ ਇਨਸਾਨ ਬੇਲੀ।
ਕੋਚਿੰਗ ਸੈਂਟਰ ਕੱਲ੍ਹ ਇੱਕ ਨੂੰ ਅੱਗ ਲੱਗੀ,
ਮਾਰੇ ਗਏ ਧੀਆਂ ਤੇ ਪੁੱਤਰ ਜਵਾਨ ਬੇਲੀ।
ਹਾਦਸਾ ਕਦੀ ਕਿਧਰੇ, ਹੁੰਦਾ ਕਦੀ ਕਿਧਰੇ,
ਭਰੇ ਪਏ ਹੁੰਦੇ ਆ ਨਿੱਤ ਅਖ਼ਬਾਰ ਬੇਲੀ।
ਵਾਰਸ ਮ੍ਰਿਤਕਾਂ ਦੇ ਪਿੱਟ-ਪਿੱਟ ਥੱਕ ਜਾਂਦੇ,
ਜਾਗਦੀ ਵੇਖੀ ਨਹੀਂ ਕੋਈ ਸਰਕਾਰ ਬੇਲੀ।

-ਤੀਸ ਮਾਰ ਖਾਂ

# ਭਾਜਪਾ ਕਾਰਪੋਰੇਟਾਂ ਦੀਆਂ ਤਿਜੌਰੀਆ ਭਰ ਰਹੀ : ਅਮਰਜੀਤ ਕੌਰ




**ਕਰਨਾਲ (ਗਿਆਨ ਸੈਦਪੁਰੀ)**
ਇੱਥੇ ਭਾਰਤੀ ਕਮਿਊਨਿਸਟ ਪਾਰਟੀ ਦੀ ਹਰਿਆਣਾ ਇਕਾਈ ਦੀ ਸੂਬਾ ਕੌਂਸਲ ਦੀ ਮੀਟਿੰਗ ਦੀ ਪ੍ਰਧਾਨਗੀ ਪਾਰਟੀ ਦੇ ਸੀਨੀਅਰ ਆਗੂ ਧਰਮਪਾਲ ਸਿੰਘ ਚੌਹਾਨ ਨੇ ਕੀਤੀ।ਸੀ ਪੀ ਆਈ ਦੇ ਸੂਬਾ ਸਕੱਤਰ ਦਰਿਆਓ ਸਿੰਘ ਕਸ਼ਅਪ ਨੇ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ।

ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਸਕੱਤਰ ਅਤੇ ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਉਨ੍ਹਾ ਮੌਜੂਦਾ ਹਾਲਾਤ 'ਤੇ ਵਿਸਥਾਰ ਨਾਲ ਚਰਚਾ ਕੀਤੀ।ਉਨ੍ਹਾ ਕਿਹਾ ਕਿ ਭਾਜਪਾ ਸਰਕਾਰ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰ ਕੇ ਸਰਵਜਨਕ ਖੇਤਰ ਦੀਆਂ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਕਾਰਪੋਰੇਟਾਂ ਨੂੰ ਹੋਰ ਧਨਾਢ ਕਰਨ ਲਈ ਕੌਡੀਆਂ ਦੇ ਭਾਅ ਵੇਚ ਰਹੀ ਹੈ। ਇਹ ਵਰਤਾਰਾ ਦੇਸ਼ ਅੰਦਰ ਬੇਰੁਜ਼ਗਾਰੀ ਦਾ ਕਾਰਨ ਬਣ ਰਿਹਾ ਹੈ।

ਮੱਧ ਏਸ਼ੀਆ ਦੀ ਗੱਲ ਕਰਦਿਆਂ ਅਮਰਜੀਤ ਕੌਰ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਧੱਕੜਸ਼ਾਹੀ ਵਤੀਰੇ ਕਾਰਨ ਸ਼ਾਂਤੀ ਬਹਾਲ ਨਹੀਂ ਹੋ ਰਹੀ।ਇਸੇ ਕਾਰਨ ਪੈਟਰੋਲੀਅਮ ਪਦਾਰਥ ਮਹਿੰਗੇ ਹੋਣ ਕਰਕੇ ਮਹਿੰਗਾਈ ਸਿਖਰ ਛੋਹ ਰਹੀ ਹੈ।ਦੇਸ਼ ਲਈ ਲੋੜੀਂਦੇ ਮਸਲੇ ਹੱਲ ਕਰਨ ਦੀ ਬਜਾਏ ਆਰ ਐੱਸ ਐੱਸ ਧਾਰਮਿਕ ਅਤੇ ਜਾਤੀ ਮਸਲੇ ਪੈਦਾ ਕਰਕੇ ਆਪਸੀ ਜ਼ਹਿਰ ਫੈਲਾਉਣ ਦਾ ਕੰਮ ਕਰ ਰਹੀ ਹੈ।ਦੇਸ਼ ਦੇ ਲੋਕਾਂ ਨੂੰ ਦਰਪੇਸ਼ ਵੱਖ-ਵੱਖ ਮੁਸੀਬਤਾਂ ਦੇ ਹੱਲ ਲਈ ਭਾਰਤੀ ਕਮਿਊਨਿਸਟ ਪਾਰਟੀ ਕੌਮੀ ਪੱਧਰ 'ਤੇ 6 ਤੋਂ 14 ਅਗਸਤ ਤੱਕ ਜਨ-ਸੰਪਰਕ ਮੁਹਿੰਮ ਚਲਾਏਗੀ।ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿੱਚ ਪਹਿਲੀ ਸਤੰਬਰ ਨੂੰ ਵਿਸ਼ਾਲ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਵਿਦਿਆਰਥੀਆਂ ਤੇ ਔਰਤਾਂ ਵੱਲੋਂ ਚਲਾਏ ਜਾ ਰਹੇ ਅੰਦੋਲਨਾਂ ਦਾ ਪੂਰਨ ਸਮਰਥਨ ਕੀਤਾ ਗਿਆ। ਇੱਕ ਵੱਖਰੇ ਮਤੇ ਰਾਹੀਂ ਸੂਬੇ ਵਿੱਚ ਹੋ ਰਹੇ ਕਤਲ, ਲੁੱਟਮਾਰ ਅਤੇ ਅਗਵਾ ਦੀਆਂ ਵਾਰਦਾਤਾਂ

• ਬਾਕੀ ਸਫਾ 10 'ਤੇ

ਫਰੀਦਕੋਟ, ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਸਾਲ 1990 ਤੋਂ 1997 ਤੱਕ ਚੱਲੀ ਸਾਖਰਤਾ ਲਹਿਰ ਦੇ ਜਰਨੈਲ, ਬੇਬਾਕ ਸਮਾਜ ਸੇਵੀ, ਅਣਥੱਕ ਆਰਗੇਨਾਈਜ਼ਰ, ਸਮਾਜਿਕ, ਵਪਾਰਕ ਤੇ ਰਾਜਨੀਤਕ ਆਕਾਸ਼ ਦੀ ਬੁਲੰਦ ਅਵਾਜ਼
ਸਾਡੇ ਬਹੁਤ ਹੀ ਸਤਿਕਾਰਯੋਗ
ਸ਼੍ਰੀ ਕ੍ਰਿਸ਼ਨ ਸਿੰਗਲਾ ਜੀ



ਮਿਤੀ 24 ਅਪ੍ਰੈਲ 2026 ਨੂੰ ਮੋਹਾਲੀ ਵਿਖੇ ਸਦੀਵੀ ਵਿਛੋੜਾ ਦੇ ਗਏ ਸਨ।
ਉਹਨਾਂ ਦੀਆਂ ਅੰਤਿਮ ਰਸਮਾਂ ਮੋਹਾਲੀ ਵਿਖੇ ਕੀਤੀਆਂ ਗਈਆਂ ਸਨ।
ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਉਨ੍ਹਾਂ ਦੇ ਮਿਸਾਲੀ ਯੋਗਦਾਨ ਦੀਆਂ ਯਾਦਾਂ ਸਾਂਝੀਆਂ ਕਰਨ ਲਈ
ਸ਼ਰਧਾਂਜਲੀ ਸਮਾਗਮ
ਮਿਤੀ 24 ਜੂਨ 2026 ਦਿਨ ਬੁੱਧਵਾਰ
ਸਮਾਂ :- ਸਵੇਰੇ 10-30 ਵਜੇ
ਸਥਾਨ: ਅਗਰਵਾਲ ਭਵਨ, ਲਾਜਪਤ ਨਗਰ, ਕੋਟਕਪੂਰਾ
ਵਿਖੇ ਕੀਤਾ ਜਾ ਰਿਹਾ ਹੈ।
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਰਧਾਂਜਲੀ ਸਮਾਗਮ ਵਿੱਚ ਆਪਣੇ ਪਰਿਵਾਰ ਅਤੇ ਸੰਗੀ ਸਾਥੀਆਂ ਸਮੇਤ ਸ਼ਾਮਿਲ ਹੋਣ ਦੀ ਖੇਚਲ ਕੀਤੀ ਜਾਵੇ ਜੀ।
ਉਡੀਕਵਾਨ :-
ਸਮੂਹ ਸਾਖਰਤਾ ਸਨੇਹੀ, ਸਮਾਜਿਕ, ਵਪਾਰਕ ਜੱਥੇਬੰਦੀਆਂ, ਰਾਜਨੀਤਿਕ ਪਾਰਟੀਆਂ ਦੇ ਆਗੂ
ਸ਼੍ਰੀ ਕ੍ਰਿਸ਼ਨ ਸਿੰਗਲਾ ਜੀ ਦੇ ਸਮੂਹ ਸੰਗੀ ਸਾਥੀ, ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ
ਮੋ: 95010-30593, 98159-46272, 94170-47017, 98722-48815

LYALLPUR KHALSA COLLEGE JALANDHAR
Winner of University Cultural and Sports Championships
University Toppers 154
ADMISSION 2026-27
Placements 431
Under Graduate Courses
• B.A. • B.A. Journalism & Mass Communication
• B.Sc. (Medical, Non-Medical, Biotechnology, Economics, Computer Science, Information Technology, Artificial Intelligence & ML)
• B.Design (Multimedia) • BPT • B.Voc. (Software Development) • BCA • B.Com • BBA
• B.Com (Financial Services, Tax Planning & Management)
• Bachelor of Physical Education & Sports (BPES)
Post Graduate Courses
• M.Sc. (Chemistry, Physics, Biotechnology, Mathematics, Information Technology) • M.Com.
• Masters in Tourism Mgt. • M.Voc (Web Technology & Multimedia) • M.A. (Economics, History, English, Punjabi, Geography, Political Sci., Music-Vocal)
Diploma / Certificate Courses
• PG Diploma in Computer Application
• PG Diploma in Business Mgt.
• Certificate in Computer Application
• Certificate in Computer Maintenance
• Certificate in Computer Animation
• Certificate in Medical Laboratory Technology
• Hons. available in all undergraduate courses
SCHOLARSHIPS FOR MERITORIOUS STUDENTS | LOW FEE STRUCTURE
SEPARATE AC HOSTEL FACILITY FOR BOYS & GIRLS
FOR ADMISSION QUERIES:
82643-10023, 0181-2241467
Sardarni Balbir Kaur, President, Governing Council
Dr. Rashpal Singh Sandhu, Principal
www.lkc.ac.in www.facebook.com/lkc.ja
lkcjald@lkc.ac.in, lkcjald@yahoo.com

# ਮਨਰੇਗਾ ਨੂੰ ਖਤਮ ਕਰਨ ਵਿਰੁੱਧ ਤੇ ਖੇਤ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ : ਦੇਵੀ ਕੁਮਾਰੀ

**ਤਰਨਤਾਰਨ (ਪ੍ਰਿਤਪਾਲ ਸਿੰਘ)**- ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਖਤਮ ਕਰਨ, ਵੀ. ਬੀ. ਗ੍ਰਾਮ ਜੀ. ਲਾਗੂ ਕਰਨ ਅਤੇ ਕਿਰਤ ਕੋਡ ਲਾਗੂ ਕਰਨ ਵਿਰੁੱਧ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ

**● ਸੁਖਦੇਵ ਕੋਟ ਨੇ ਕਿਹਾ: ਵੀ. ਬੀ. ਗ੍ਰਾਮ ਜੀ. ਲਾਗੂ ਨਹੀਂ ਹੋਣ ਦੇਵਾਂਗੇ**



ਰਾਹੀਂ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਸਵਰਨ ਸਿੰਘ ਕਿਰਤੋਵਾਲ, ਅੰਮ੍ਰਿਤਪਾਲ ਸਿੰਘ ਬਾਕੀਪੁਰ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਮਨਰੇਗਾ ਨੂੰ ਖ਼ਤਮ ਕਰਕੇ ਵੀ. ਬੀ. ਗ੍ਰਾਮ ਜੀ. ਕਾਨੂੰਨ ਲਾਗੂ ਕਰਕੇ ਦੇਸ਼ ਦੇ ਕਰੋੜਾਂ ਮਜ਼ਦੂਰਾਂ ਤੇ ਮਨਰੇਗਾ ਮੁਲਾਜ਼ਮਾਂ ਦੇ ਚੁੱਲ੍ਹੇ ਠੰਢੇ ਕਰਨ ਦੇ ਰਾਹ ਪੈ ਗਈ ਹੈ।ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਬਿਜਲੀ ਖੇਤਰ ਦਾ ਮੁਕੰਮਲ ਨਿੱਜੀਕਰਨ ਕਰਕੇ ਮਜ਼ਦੂਰਾਂ, ਕਿਸਾਨਾਂ ਤੇ ਗਰੀਬ ਲੋਕਾਂ ਦੇ ਘਰਾਂ 'ਚ ਹਨੇਰਾ ਕਰਨ ਜਾ ਰਹੀ ਹੈ ਅਤੇ ਕਿਰਤ ਕਾਨੂੰਨਾਂ 'ਚ ਸੋਧਾਂ ਕਰਕੇ ਮਜ਼ਦੂਰ ਵਰਗ ਨੂੰ ਮਿਲਦੀ ਨਾਮਾਤਰ ਸੁਰੱਖਿਆ ਦਾ ਭੋਗ ਪਾਉਣ ਵਰਗੀਆਂ ਨੀਤੀਆਂ ਲਾਗੂ ਕਰ ਰਹੀ ਹੈ।ਆਗੂਆਂ ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਆਖਿਆ ਕਿ ਆਪ ਸਰਕਾਰ ਚੋਣ ਗਰੰਟੀਆਂ ਅਨੁਸਾਰ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਤੇ ਪੈਨਸ਼ਨਾਂ ਦੀ ਰਾਸ਼ੀ ਵਧਾਉਣ ਤੋਂ ਇਲਾਵਾ ਲਾਲ ਲਕੀਰ ਅੰਦਰਲੇ ਘਰਾਂ ਦੇ ਮਾਲਕੀ ਹੱਕ ਦੇਣ, ਪੰਚਾਇਤੀ ਜ਼ਮੀਨਾਂ 'ਚੋਂ ਐੱਸ ਸੀ ਪਰਿਵਾਰਾਂ ਨੂੰ ਤੀਜੇ ਹਿੱਸੇ ਦੀ ਜ਼ਮੀਨ ਸਸਤੇ ਭਾਅ ਠੇਕੇ 'ਤੇ ਦੇਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਤੋ ਭੱਜ ਚੁੱਕੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵਾਂਗ ਹੀ ਸੂਬਾ ਸਰਕਾਰ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰ ਰਹੀ ਹੈ ਅਤੇ ਜਨਤਕ ਜਾਇਦਾਦਾਂ ਵੇਚਣ ਵਰਗੇ ਕਦਮ ਚੁੱਕਣ ਤੋਂ ਇਲਾਵਾ ਸੰਘਰਸ਼ ਕਰਦੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਠੇਕਾ ਕਾਮਿਆਂ ਦੇ ਜਮਹੂਰੀ ਹੱਕਾਂ ਦਾ ਘਾਣ ਕਰ ਰਹੀ ਹੈ।ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਡਿਪਟੀ ਕਮਿਸ਼ਨਰ ਰਾਹੀ ਮੰਗ ਪੱਤਰ ਦੇਣ ਤੋਂ ਇਲਾਵਾ ਮਨਰੇਗਾ ਨੂੰ ਖਤਮ ਕਰਕੇ ਲਿਆਂਦੇ ਵੀ. ਬੀ. ਗ੍ਰਾਮ ਜੀ. ਕਾਨੂੰਨ ਨੂੰ ਵਾਪਸ ਲੈਣ ਅਤੇ ਰੁਜ਼ਗਾਰ ਦੀ ਗਰੰਟੀ ਕਰਨ ਸਬੰਧੀ ਪ੍ਰਧਾਨ ਮੰਤਰੀ ਦੇ ਨਾਂਅ ਪੱਤਰ ਸੌਂਪਿਆ ਗਿਆ।ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ, ਕਾਮਰੇਡ ਹੀਰਾ ਸਿੰਘ ਖਡੂਰ ਸਾਹਿਬ, ਕਾਮਰੇਡ ਬਲਜਿੰਦਰ ਕੌਰ ਸਰਹਾਲੀ ਕਲਾਂ, ਕਾਮਰੇਡ ਸਰਵਨ ਸਿੰਘ, ਕਾਮਰੇਡ ਸ਼ਿੰਦਾ ਕਿਰਤੋਵਾਲ ਕਲਾਂ ਹਾਜ਼ਰ ਸਨ।

# ਯੂਥ ਕਾਂਗਰਸ ਪ੍ਰਧਾਨ ਗੁਰਜੰਟ ਸਿੰਘ ਕਸੇਲ ਦਾ ਕਰਨਬੀਰ ਸਿੰਘ ਬੁਰਜ ਵੱਲੋਂ ਸਨਮਾਨ

**ਝਬਾਲ (ਹਰਜਿੰਦਰ ਸਿੰਘ ਸੋਨੀ)** ਪੰਜਾਬ ਯੂਥ ਕਾਂਗਰਸ ਦੀਆਂ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਹਲਕਾ ਤਰਨ ਤਾਰਨ ਤੋਂ ਪ੍ਰਧਾਨ ਚੁਣੇ ਗਏ ਗੁਰਜੰਟ ਸਿੰਘ ਕਸੇਲ ਨੂੰ ਹਲਕਾ ਇੰਚਾਰਜ



ਕਰਨਬੀਰ ਸਿੰਘ ਬੁਰਜ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪਾਰਟੀ ਦੇ ਆਗੂਆਂ, ਵਰਕਰਾਂ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਹਾਜ਼ਰੀ ਭਰੀ ਅਤੇ ਗੁਰਜੰਟ ਸਿੰਘ ਕਸੇਲ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ। ਸਮਾਗਮ ਦੌਰਾਨ ਕਰਨਬੀਰ ਸਿੰਘ ਬੁਰਜ ਨੇ ਗੁਰਜੰਟ ਸਿੰਘ ਕਸੇਲ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਦੀਆਂ ਚੋਣਾਂ ਵਿੱਚ ਮਿਲੀ ਇਹ ਜਿੱਤ ਨੌਜਵਾਨ ਵਰਗ ਦੇ ਭਰੋਸੇ ਅਤੇ ਸਮਰਥਨ ਦੀ ਪ੍ਰਤੀਕ ਹੈ।ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਗੁਰਜੰਟ ਸਿੰਘ ਕਸੇਲ ਆਪਣੀ ਟੀਮ ਨਾਲ ਮਿਲ ਕੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਨੌਜਵਾਨਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਉਣ ਲਈ ਕੰਮ ਕਰਨਗੇ।ਇਸ ਮੌਕੇ ਗੁਰਜੰਟ ਸਿੰਘ ਕਸੇਲ ਨੇ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ ਅਤੇ ਸਮੂਹ ਯੂਥ ਕਾਂਗਰਸ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ ਤੇ ਉਠਾਇਆ ਜਾਵੇਗਾ ਅਤੇ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਕਈ ਸੀਨੀਅਰ ਆਗੂ, ਯੂਥ ਕਾਂਗਰਸ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਸਮਰਥਕ ਹਾਜ਼ਰ ਸਨ।ਇਸ ਮੌਕੇ ਗੁਰਬਾਜ ਸਿੰਘ ਕਾਜੀਕੋਟ, ਸਰਪੰਚ ਗੁਰਚਰਨ ਸਿੰਘ ਖੈਰਦੀਨਕੇ, ਸਤਵਿੰਦਰ ਸਿੰਘ ਕਾਕਾ ਢਿੱਲੋਂ, ਮਲਕੀਤ ਸਿੰਘ ਗਹਿਰੀ, ਪਾਹੁਲ ਪ੍ਰੀਤ ਸਿੰਘ ਕਸੇਲ ਆਦਿ ਹਾਜ਼ਰ ਸਨ।

# ਪੰਜਾਬ ਦੇ ਲੋਕ 2027 'ਚ ਕਾਂਗਰਸ ਦੀ ਸਰਕਾਰ ਦੇਖਣਾ ਚਾਹੁੰਦੇ : ਵਡਾਲਾ



**ਬਿਆਸ (ਪਰਮਜੀਤ ਸਿੰਘ ਰੱਖੜਾ)** ਕਾਂਗਰਸ ਹਾਈ ਕਮਾਨ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਪੰਜਾਬ ਦਾ ਮੁੱਖ ਮੰਤਰੀ ਐਲਾਨੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਚੇਅਰਮੈਨ ਬਲਕਾਰ ਸਿੰਘ ਵਡਾਲਾ ਨੈਸ਼ਨਲ ਸੈਕਟਰੀ ਆਲ ਇੰਡੀਆ ਕਾਂਗਰਸ ਕਮੇਟੀ ਐੱਸ ਸੀ ਸੈੱਲ ਨਵੀਂ ਦਿੱਲੀ ਨੇ ਕੀਤਾ। ਉਹਨਾ ਕਿਹਾ ਕਿ ਪੰਜਾਬ ਦੇ ਲੋਕ 2027 ਵਿੱਚ ਕਾਂਗਰਸ ਦੀ ਸਰਕਾਰ ਦੇਖਣਾ ਚਾਹੁੰਦੇ ਹਨ। ਉਹਨਾ ਕਿਹਾ ਕਿ ਪੰਜਾਬ ਵਿੱਚ ਨਗਰ ਨਿਗਮ ਦੀਆਂ ਚੋਣਾਂ ਵਿੱਚ ਮੋਰਿੰਡਾ ਵਿਖੇ 15 ਵਿੱਚੋਂ 13 ਸੀਟਾਂ, ਚਮਕੌਰ ਸਾਹਿਬ ਵਿਖੇ 13 ਵਿੱਚੋਂ 11, ਕਪੂਰਥਲਾ ਵਿਖੇ 50 ਵਿੱਚੋਂ 32 ਸੀਟਾਂ, ਗੁਰਦਾਸਪੁਰ ਵਿਖੇ 29 ਵਿੱਚੋਂ 22 ਸੀਟਾਂ 'ਤੇ ਕਾਂਗਰਸ ਪਾਰਟੀ ਨੇ ਜਿੱਤ ਹਾਸਲ ਕੀਤੀ ਹੈ। ਇਹਨਾਂ ਸਾਰਿਆਂ ਜੇਤੂਆਂ ਨੂੰ ਮੈਂ ਵਧਾਈ ਦੇਂਦਾ ਹਾਂ। ਇਸ ਮੌਕੇ ਨਰਿੰਦਰ ਸਿੰਘ ਵਡਾਲਾ ਪ੍ਰਧਾਨ ਰਈਆ ਬਲਾਕ, ਬਲਕਾਰ ਸਿੰਘ ਬੱਗਾ ਸਾਬਕਾ ਮੈਂਬਰ, ਜ਼ਿਲਾ ਪ੍ਰਧਾਨ ਜਗਰੂਪ ਸਿੰਘ ਵਡਾਲਾ, ਲਖਵਿੰਦਰ ਸਿੰਘ ਭਲਾਈਪੁਰ ਡੋਗਰਾਂ ਪ੍ਰਧਾਨ ਖਡੂਰ ਸਾਹਿਬ, ਨਿਰਮਲ ਸਿੰਘ ਫੱਤੂਵਾਲ, ਗੁਰਪ੍ਰੀਤ ਸਿੰਘ ਫੱਤੂਵਾਲ, ਰਣਜੀਤ ਸਿੰਘ, ਸੰਤੋਖ ਸਿੰਘ ਵਡਾਲਾ, ਰਵੀ ਵਡਾਲਾ, ਲਾਡੀ ਵਡਾਲਾ ਅਤੇ ਹੋਰ ਕਾਂਗਰਸੀ ਵਰਕਰ ਮੌਜੂਦ ਸਨ।

# ਹੋਮਿਓਪੈਥਿਕ ਕਲੀਨਿਕ 'ਤੇ ਫਾਇਰਿੰਗ ਮਾਮਲੇ ਦਾ ਕਥਿਤ ਦੋਸ਼ੀ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**- ਜਲੰਧਰ ਵਿੱਚ ਵੈਰਕਾ ਮਿਲਕ ਪਲਾਂਟ ਦੇ ਨਜ਼ਦੀਕ ਸਥਿਤ ਆਰਯਨ ਹੋਮਿਓਪੈਥਿਕ ਕਲੀਨਿਕ 'ਤੇ ਫਾਇਰਿੰਗ ਦੇ ਮਾਮਲੇ ਵਿੱਚ ਪੁਲਿਸ ਨੇ



ਮੁੱਖ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਏਡੀਸੀਪੀ ਆਕ੍ਰਿਸ਼ੀ ਜੈਨ ਨੇ ਦੱਸਿਆ ਕਿ 22 ਜੂਨ ਨੂੰ ਵੀਨਸ ਵੈਲੀ ਨਿਵਾਸੀ ਡਾ. ਸੰਦੀਪ ਸ਼ਰਮਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਗਿਆ ਸੀ। ਪੁਲਿਸ ਵੱਲੋਂ ਕੀਤੀ ਗਈ ਤੁਰੰਤ ਕਾਰਵਾਈ ਦੌਰਾਨ ਕਥਿਤ ਦੋਸ਼ੀ ਗੁਰਪਾਲ ਕਾਬੂ ਕਰ ਲਿਆ ਗਿਆ। ਕਬਜ਼ੇ ਵਿਚੋਂ ਲਾਇਸੈਂਸੀ ਹਥਿਆਰ ਵੀ ਬਰਾਮਦ ਕੀਤਾ ਗਿਆ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਦੀ ਪਛਾਣ ਗੁਰਪਾਲ ਸਿੰਘ ਵਜੋਂ ਹੋਈ ਹੈ, ਜੋ ਅਸ਼ੋਕ ਵਿਹਾਰ ਕਾਲੋਨੀ, ਵੈਰਕਾ ਮਿਲਕ ਪਲਾਂਟ ਨੇੜੇ ਦਾ ਰਹਿਣ ਵਾਲਾ ਹੈ। ਏਡੀਸੀਪੀ ਨੇ ਦੱਸਿਆ ਕਿ ਸ਼ਿਕਾਇਤਕਰਤਾ ਡਾ. ਸੰਦੀਪ ਸ਼ਰਮਾ ਅਨੁਸਾਰ 20 ਜੂਨ ਦੀ ਰਾਤ ਉਨ੍ਹਾਂ ਦੀ ਪਤਨੀ ਡਾ. ਵਿਸ਼ਵਜੀਤ ਕੌਰ ਨੇ ਸਲੇਮਪੁਰ ਰੋਡ ਸਥਿਤ ਆਰਯਨ ਹੋਮਿਓਪੈਥਿਕ ਕਲੀਨਿਕ ਨੂੰ ਬੰਦ ਕੀਤਾ ਸੀ। 22 ਜੂਨ ਦੀ ਸਵੇਰ ਜਦੋਂ ਉਨ੍ਹਾਂ ਦੇ ਭਤੀਜੇ ਮੋਹਿਤ ਬਾਵਾ ਨੇ ਕਲੀਨਿਕ ਦਾ ਸ਼ਟਰ ਖੋਲ੍ਹਿਆ ਤਾਂ ਅੰਦਰਲਾ ਸ਼ੀਸ਼ਾ ਟੁੱਟਿਆ ਹੋਇਆ ਮਿਲਿਆ। ਜਾਂਚ ਕਰਨ 'ਤੇ ਪਤਾ ਲੱਗਾ ਕਿ ਸ਼ੀਸ਼ੇ 'ਤੇ ਗੋਲੀ ਲੱਗਣ ਦਾ ਨਿਸ਼ਾਨ ਸੀ ਅਤੇ ਗੋਲੀ ਆਰ-ਪਾਰ ਹੋ ਗਈ ਸੀ। ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਵੱਖ-ਵੱਖ ਧਾਰਾਵਾਂ ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ। ਫਿਲਹਾਲ ਗੁਰਪਾਲ ਸਿੰਘ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਫਾਇਰਿੰਗ ਪਿੱਛੇ ਕੀ ਕਾਰਨ ਸੀ ਅਤੇ ਕੀ ਇਸ ਘਟਨਾ ਵਿੱਚ ਕੋਈ ਹੋਰ ਵਿਅਕਤੀ ਵੀ ਸ਼ਾਮਲ ਸੀ।

# ਨਸ਼ਾ ਮੁਕਤੀ ਮੋਰਚਾ ਦੀ ਜ਼ਮੀਨੀ ਪੱਧਰ 'ਤੇ ਕਾਰਗੁਜ਼ਾਰੀ ਸ਼ਲਾਘਾਯੋਗ : ਕਟਾਰੂਚੱਕ

**ਡੇਰਾ ਬਾਬਾ ਨਾਨਕ, ਦੀਨਾਨਗਰ (ਰਮੇਸ਼ ਸ਼ਰਮਾ)**- ਮੁੱਖ ਮੰਤਰੀ ਪੰਜਾਬ ਦੀ ਮਜ਼ਬੂਤ ਇੱਛਾ ਸ਼ਕਤੀ ਨਾਲ ਸੂਬੇ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਰਗਰ ਸਫਲ ਯਤਨ ਕੀਤੇ ਜਾ ਰਹੇ ਹਨ ਅਤੇ ਨਸ਼ਾ ਮੁਕਤੀ ਮੋਰਚਾ ਦੀ ਟੀਮ ਵੱਲੋਂ ਗਰਾਊਂਡ ਪੱਧਰ 'ਤੇ ਨਸ਼ਿਆਂ ਖਿਲਾਫ ਸਫਲਤਾਪੂਰਵਕ ਕੰਮ ਕੀਤਾ ਜਾ ਰਿਹਾ ਹੈ, ਜੋ ਸ਼ਲਾਘਾਯੋਗ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਪੰਜਾਬ ਨੇ ਦੀਨਾਨਗਰ ਦੇ ਐੱਸ. ਐੱਸ. ਐੱਮ. ਕਾਲਜ ਵਿੱਚ ਨਸ਼ਾ ਮੁਕਤੀ ਮੋਰਚਾ ਦੀ ਜ਼ਿਲ੍ਹਾ ਪੱਧਰੀ ਰੀਵਿਊ ਮੀਟਿੰਗ ਵਿੱਚ ਕੀਤਾ।ਇਸ ਮੌਕੇ ਡੀਸੀ ਆਦਿੱਤਿਆ ਉਪਲ, ਐੱਸ. ਐੱਸ. ਪੀ. ਗੁਰਦਾਸਪੁਰ ਅਦਿੱਤਿਆ, ਐੱਸ. ਐੱਸ. ਪੀ. ਬਟਾਲਾ ਡਾ. ਮਹਿਤਾਬ ਸਿੰਘ, ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ, ਏਡੀਸੀ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਜੋਨ ਇੰਚਾਰਜ ਨਸ਼ਾ ਮੁਕਤੀ ਮੋਰਚਾ ਰੋਹਿਤ ਸਿਆਲ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਆਰ. ਟੀ. ਏ. ਜਸ਼ਨਜੀਤ ਕੌਰ, ਜ਼ਿਲ੍ਹਾ ਕੁਆਰਡੀਨੇਟਰ-1 ਡਾ. ਅਰਸ਼ਦੀਪ ਸਿੰਘ, ਜ਼ਿਲ੍ਹਾ ਕੁਆਰਡੀਨੇਟਰ-2 ਅਨਮੋਲਜੋਤ ਸਿੰਘ ਰੰਧਾਵਾ, ਸਮੂਹ ਡੀ. ਐੱਸ. ਪੀਜ਼, ਪ੍ਰਿੰ. ਆਰ. ਕੇ. ਤੁਲੀ, ਹਲਕਾ ਕੋਆਰਡੀਨੇਟਰ ਨੀਰਜ ਸਲਹੋਤਰਾ, ਮਨਜੀਤ ਸਿੰਘ ਬਮਰਾਹ, ਸਮੂਹ ਵਿਧਾਨ ਸਭਾ ਹਲਕਿਆ ਦੇ ਕੋਆਰਡੀਨੇਟਰ, ਹਲਕਾ ਵਾਈਸ ਕੋਆਰਡੀਨੇਟਰ ਅਤੇ ਬਲਾਕ ਵਾਈਸ ਕੋਆਰਡੀਨੇਟਰ ਆਦਿ ਮੌਜੂਦ ਸਨ।ਇਸ ਮੌਕੇ ਵੱਖ -ਵੱਖ ਵਿਧਾਨ ਸਭਾ ਹਲਕਿਆਂ ਵਿੱਚ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੁਆਰਡੀਨੇਟਰਾਂ, ਵਾਈਸ ਕੁਆਰਡੀਨੇਟਰਾਂ ਅਤੇ ਬਲਾਕ ਕੁਆਰਡੀਨੇਟਰਾਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ



ਕਟਾਰੂਚੱਕ ਨੇ ਕਿਹਾ ਕਿ ਤੁਸੀਂ ਪੰਜਾਬ ਦੇ ਵਾਰਿਸ ਹੋ, ਜੋ ਨਾਮੁਰਾਦ ਬਿਮਾਰੀ ਨਸ਼ਿਆਂ ਨੂੰ ਖਤਮ ਕਰਨ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹੋ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਅਤੇ ਇਸ ਲਈ ਜ਼ਮੀਨੀ ਪੱਧਰ 'ਤੇ ਕੀਤਾ ਗਿਆ ਕੰਮ ਨਜ਼ਰ ਆ ਰਿਹਾ ਹੈ। ਪੰਜਾਬ ਸਰਕਾਰ ਵੱਲੋ ਨਾ ਕੇਵਲ ਨਸ਼ਾ ਤਸਕਰਾਂ ਖਿਲਾਫ ਲੜਾਈ ਲੜੀ ਜਾ ਰਹੀ ਹੈ ਬਲਕਿ ਨਸ਼ਾਗ੍ਰਸਤ ਪੀੜਤ ਲੋਕਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਵੀ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਐਸ. ਐੱਸ. ਪੀ. ਗੁਰਦਾਸਪੁਰ ਅਦਿੱਤਿਆ ਨੇ ਦੱਸਿਆ ਕਿ ਗੁਰਦਾਸਪੁਰ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਨਸ਼ਿਆ ਦਾ ਕਾਰੋਬਾਰ ਕਰਨ ਵਾਲਿਆ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ ਹੈ। ਇਸ ਮੌਕੇ ਡਾ. ਮਹਿਤਾਬ ਸਿੰਘ ਐੱਸ.ਐੱਸ.ਪੀ. ਬਟਾਲਾ ਨੇ ਕਿਹਾ ਕਿ ਯੁੱਧ ਨਸ਼ਿਆ ਵਿਰੁੱਧ ਮਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਰੁਖ ਅਪਣਾਇਆ ਗਿਆ ਹੈ ਅਤੇ ਨਸ਼ਿਆ ਦੇ ਜਾਲ ਵਿੱਚ ਫਸੇ ਲੋਕਾਂ ਦਾ ਇਲਾਜ ਵੀ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਦੀਨਾਨਗਰ ਹਲਕੇ ਦੇ ਇੰਚਾਰਜ ਸ਼ਮਸ਼ੇਰ ਸਿੰਘ, ਚੇਅਰਮੈਨ ਜੋਬਨ ਰੰਧਾਵਾ, ਜ਼ਿਲ੍ਹਾ ਕੋਆਡੀਨੇਟਰ-1 ਡਾ. ਅਰਸ਼ਦੀਪ ਸਿੰਘ ਅਤੇ ਜ਼ਿਲ੍ਹਾ ਕੋਆਡੀਨੇਟਰ-2 ਅਨਮੋਲਜੋਤ ਸਿੰਘ ਰੰਧਾਵਾ ਨੇ ਵੀ ਸੰਬੋਧਨ ਕੀਤਾ।ਉਨ੍ਹਾਂ ਕਿਹਾ ਕਿ ਟੀਮ ਦੇ ਸਾਂਝੇ ਯਤਨਾਂ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਈ ਹੈ ਅਤੇ ਲੋਕਾਂ ਵੱਲੋਂ ਵੀ ਨਸ਼ਿਆਂ ਖਿਲਾਫ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ ਇਸ ਮੌਕੇ ਨਸ਼ਾ ਮੁਕਤੀ ਮੋਰਚੇ ਦੇ ਵੱਖ-ਵੱਖ ਹਲਕਿਆਂ ਦੇ ਕੋਆਰਡੀਨੇਟਰਾਂ ਅਤੇ ਵਾਈਸ ਕੋਆਰਡੀਨੇਟਰਾਂ ਅਤੇ ਬਲਾਕ ਕੋਆਰਡੀਨੇਟਰਾਂ ਵੱਲੋਂ ਫੀਡਬੈਕ ਦਿੱਤੀ ਗਈ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਮੋਰਚਾ ਦੀ ਟੀਮ ਵੱਲੋਂ ਪ੍ਰਸ਼ਾਸਨ ਦੇ ਸਹਿਯੋਗ ਨਾਲ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਅੰਦਰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਗਈ ਹੈ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ।

# ਸ਼ਹੀਦੀ ਜੋੜ ਮੇਲੇ ਨੂੰ ਸਮਰਪਿਤ ਬੁੱਢਾ ਦਲ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਅਤੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ



ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਤੇ ਬੁੱਢਾ ਦਲ ਵੱਲੋ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ। ਛਬੀਲ ਲਗਾਉਣ ਸਮੇਂ ਅਰੰਭਤਾ ਦੀ ਅਰਦਾਸ ਬਾਬਾ ਅਮਰੀਕ ਸਿੰਘ ਨੇ ਕੀਤੀ।ਅਤਿ ਦੀ ਗਰਮੀ ਵਿੱਚ ਛਬੀਲ ਯਾਤਰੂਆਂ ਲਈ ਤਸਕੀਨ ਦਾ ਕੰਮ ਕਰਦੀ ਹੈ।ਬੁੱਢਾ ਦਲ ਦੇ ਮੈਨੇਜਰ ਸ. ਪਰਮਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਆਦੇਸ਼ ਅਨੁਸਾਰ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸ਼ਰਧਾਲੂਆਂ ਅਤੇ ਦੂਰ ਦੁਰਾਡੇ ਤੋਂ ਆਉਣ ਵਾਲੇ ਯਾਤਰੂਆਂ ਲਈ ਧਾਰਮਿਕ ਮੁੱਖ ਗੇਟ ਤੇ ਹਰ ਰੋਜ਼ ਠੰਡੇ ਜਲ ਦੀ ਛਬੀਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।ਉਨ੍ਹਾਂ ਕਿਹਾ ਕਿ ਗੁਰੂਘਰ ਵਿੱਚ ਜਪਤਪ ਤੇ ਸੁਖਮਨੀ ਸਾਹਿਬ ਦੇ ਪਾਠਾਂ ਦਾ ਪ੍ਰਵਾਹ ਨਿਰੰਤਰ ਚੱਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਬੁੱਢਾ ਦਲ ਵੱਲੋਂ ਆਪਣੀਆਂ ਸਮੂਹ ਛਾਉਣੀਆਂ ਵਿੱਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਂਦਿਆਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈ ਹਨ।ਇਸ ਸਮੇਂ ਬਾਬਾ ਭਗਤ ਸਿੰਘ, ਬਾਬਾ ਗੁਰਲਾਲ ਸਿੰਘ, ਬਾਬਾ ਗਗਨ ਸਿੰਘ, ਸਾਹਿਬ ਸਿੰਘ, ਮਨੋਜ ਸਿੰਘ ਮਿੰਟੂ, ਬਾਬਾ ਪੰਮਾ ਸਿੰਘ, ਬਾਬਾ ਸੋਨੂੰ ਸਿੰਘ ਆਦਿ ਹਾਜ਼ਰ ਸਨ।

# ਸਾਲਾਨਾ ਜੋੜ ਮੇਲਾ ਭਲਕੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿੱਖ ਪੰਥ ਦੀ ਨਿਰਮਲੇ ਸੰਪਰਦਾ ਦੇ ਮਹਾਂਪੁਰਖ ਸੰਤ ਬਾਬਾ ਹੀਰਾ ਸਿੰਘ ਜੀ ਸਿੰਗੜੀਵਾਲ ਵਾਲਿਆਂ ਦੀ ਯਾਦ ਵਿੱਚ 88ਵਾਂ ਸਲਾਨਾ ਜੋੜ ਮੇਲਾ ਅਤੇ ਸੰਤ ਸਮਾਗਮ ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਪਿੰਡ ਸਿੰਗੜੀਵਾਲਾ ਬਾਈਪਾਸ ਚੌਕ ਹੁਸ਼ਿਆਰਪੁਰ ਵਿਖੇ ਗੱਦੀਨਸ਼ੀਨ ਸੰਤ ਬਾਬਾ ਹਰਮਨਜੀਤ ਸਿੰਘ ਜੀ



ਸਿੰਗੜੀਵਾਲਾ ਦੀ ਦੇਖਰੇਖ ਹੇਠ 25 ਜੂਨ ਦਿਨ ਵੀਰਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਹਰਮਨਜੀਤ ਸਿੰਘ ਸਿੰਗੜੀਵਾਲਾ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਅਤੇ ਸੰਤ ਮਹਾਂਪੁਰਖ ਹਾਜ਼ਰੀਆਂ ਭਰਨਗੇ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ। ਉਨ੍ਹਾਂ ਸਮੂੰਹ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਸਮਾਗਮ ਵਿੱਚ ਹਾਜ਼ਰੀਆਂ ਭਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਸੰਗਤਾਂ ਦੀ ਵੱਡੀ ਆਮਦ ਨੂੰ ਵੇਖਦਿਆਂ ਵੱਡੇ ਪੱਧਰ 'ਤੇ ਤਿਆਰੀਆਂ ਕੀਤੀਆਂ ਗਈਆਂ ਹਨ।

# ਗੁ. ਬਾਬਾ ਬਿਧੀ ਚੰਦ ਪੱਟੀ ਵਿਖੇ ਸੱਤ ਰੋਜ਼ਾ ਦਸਤਾਰ ਦੁਮਾਲਾ ਸਿਖਲਾਈ ਕੈਂਪ ਆਰੰਭ

**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਸਾਡਾ ਇਹ ਸੁਪਨਾ ਸਾਕਾਰ ਹੋਵੇ, ਹਰ ਬੱਚੇ ਦੇ ਸਿਰ ਦਸਤਾਰ ਹੋਵੇ ਸੋਚ ਲੈ ਕੇ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈੱਲਫੇਅਰ



ਸੁਸਾਇਟੀ ਰਜਿ. ਪੰਜਾਬ ਦੇ ਵੱਲੋਂ 7 ਰੋਜ਼ਾ ਦਸਤਾਰ ਦੁਮਾਲਾ ਸਿਖਲਾਈ ਕੈਂਪ ਗੁਰਦੁਆਰਾ ਸਾਹਿਬ ਦੇ ਜਥੇਦਾਰ ਅਤੇ ਸਮੂਹ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਬਿਧੀ ਚੰਦ ਜੀ ਪੱਟੀ ਵਿਖੇ ਲਗਾਇਆ ਜਾ ਰਿਹਾ ਹੈ।ਇਨ੍ਹਾਂ ਉਪਰੋਕਤ ਸ਼ਰਤਾਂ ਦਾ ਪ੍ਰਗਟਾਵਾ ਕੈਂਪ ਸੰਚਾਲਕ ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ ਅਤੇ ਦਸਤਾਰ ਕੋਚ ਭਾਈ ਹਰਪ੍ਰੀਤ ਸਿੰਘ ਪੱਟੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਇਹ ਕੈਂਪ 22 ਜੂਨ ਤੋਂ ਆਰੰਭ ਹੋ ਚੁੱਕਾ ਹੈ ਅਤੇ 27 ਤਰੀਕ ਨੂੰ ਬੱਚਿਆਂ ਦੇ ਦਸਤਾਰ ਦੁਮਾਲਾ ਅਤੇ ਸ਼ੁੱਧ ਪੰਜਾਬੀ ਲਿਖਾਈ ਮੁਕਾਬਲੇ ਕਰਵਾਏ ਜਾਣਗੇ ਜਿਸ ਵਿੱਚ ਬਚਿਆਂ ਨੂੰ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਅਤੇ ਗੁਰ ਇਤਿਹਾਸ ਦੇ ਵਿੱਚੋਂ ਕਿਸੇ ਇੱਕ ਪਹਿਰੇ ਦੇ ਲਈ ਲਿਖਣ ਵਾਸਤੇ ਕਿਹਾ ਜਾਏਗਾ।ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਇਹ ਵੀ ਕਿਹਾ ਕਿ ਕੈਂਪ ਦੀ ਸਮਾਪਤੀ ਤੇ ਸੋਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਖਜਾਨਚੀ ਭਾਈ ਗੁਰਜੰਟ ਸਿੰਘ, ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਹਾਜ਼ਰੀ ਭਰਨਗੇ ਅਤੇ ਬੱਚਿਆਂ ਨਾਲ ਗੁਰਬਾਣੀ ਗੁਰ ਇਤਿਹਾਸ ਬਾਬਤ ਵਿਚਾਰਾਂ ਦੀ ਸਾਂਝ ਪਾਉਣਗੇ।ਇਸ ਤੋਂ ਇਲਾਵਾ ਅੰਤਰਰਾਸ਼ਟਰੀ ਦਸਤਾਰ ਕੋਚ ਹਰਜੀਤ ਸਿੰਘ ਲਹਿਰੀ, ਆਕਾਸ਼ਦੀਪ ਸਿੰਘ ਪੱਟੀ, ਵਜੀਰ ਸਿੰਘ ਆਸਲ, ਨਿੰਦਰ ਪਾਲ ਸਿੰਘ ਮਖੂ, ਗੁਰਸ਼ਰਨ ਸਿੰਘ ਪੱਟੀ, ਹਰਮਨਦੀਪ ਸਿੰਘ, ਹੁਸਨਦੀਪ ਸਿੰਘ ਸੁਖਮਨਦੀਪ ਸਿੰਘ ਗਗਨਦੀਪ ਸਿੰਘ ਭਿੱਖੀਵਿੰਡ ਅਤੇ ਰਣਬੀਰ ਸਿੰਘ ਵੀਰਮ ਵੱਲੋਂ ਸਮੇਂ ਸਮੇਂ ਤੇ ਪਹੁੰਚ ਕੇ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਦਸਤਾਰਾਂ ਸਜਾਉਣ ਦੇ ਸਟਾਈਲ, ਦਸਤਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਵੇਗਾ।ਇਸ ਮੌਕੇ ਪ੍ਰੈੱਸ ਸਕੱਤਰ ਅਜੀਤ ਸਿੰਘ ਘਰਿਆਲਾ, ਗੁਰਪ੍ਰੀਤ ਸਿੰਘ ਸੈਂਡੀ, ਭਾਈ ਦਿਲਬਾਗ ਸਿੰਘ ਡੱਲ, ਭਾਈ ਗੁਰਮੀਤ ਸਿੰਘ ਮਾਲੂਵਾਲ ਆਦਿ ਹਾਜ਼ਰ ਸਨ।

# ਯੋਗ ਦਾ ਸਹਾਰਾ ਲੈ ਕੇ ਮਨੁੱਖ ਚਾਹੇ ਤਾਂ ਸੌ ਸਾਲ ਤੱਕ ਵੀ ਨਿਰੋਗ ਰਹਿ ਸਕਦਾ : ਸਵਾਮੀ ਰਾਜੇਸ਼

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਆਪਣੇ ਸਥਾਨਕ ਆਸ਼ਰਮ ਵਿਖੇ ਵਿਲੱਖਣ ਯੋਗ ਅਤੇ ਧਿਆਨ ਸ਼ਿਵਿਰ ਦਾ ਆਯੋਜਨ



ਕੀਤਾ ਗਿਆ ਜਿਸ ਵਿੱਚ ਸੰਸਥਾਨ ਵੱਲੋਂ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਰਾਜੇਸ਼ ਨੇ ਦੱਸਿਆ ਕਿ ਵੱਧਦੇ ਹੋਏ ਪ੍ਰਦੂਸ਼ਣ, ਉਦਯੋਗਾਂ, ਸ਼ਹਿਰੀਕਰਨ ਅਤੇ ਰੁੱਖਾਂ ਦੀ ਕਟਾਈ ਕਾਰਣ ਕੁਦਰਤੀ ਆਫਤਾਂ ਵਧਦੀਆਂ ਜਾ ਰਹੀਆਂ ਹਨ।ਸਿੱਟੇ ਵਜੋਂ ਦਿਲ ਦੀਆਂ ਬਿਮਾਰੀਆਂ ਦੇ ਨਾਲ ਹੀ ਟੀ੦ ਬੀ੦, ਕੈਂਸਰ, ਸ਼ੂਗਰ, ਤਰ੍ਹਾਂ-ਤਰ੍ਹਾਂ ਦੇ ਬੁਖਾਰ, ਡੇਂਗੂ, ਚਿਕਨਗੁਨੀਆ ਆਦਿ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਸਵਾਮੀ ਨੇ ਦੱਸਿਆ ਕਿ ਵਿਸ਼ਵ ਸਵਾਸਥ ਸੰਗਠਨ ਦੇ ਅਨੁਸਾਰ ਵਿਗਿਆਨ ਦਾ ਸਹਾਰਾ ਲੈ ਕੇ ਚਾਹੇ ਆਧੁਨਿਕ ਚਿਕਿਤਸਾ ਪੱਧਤੀ ਨੇ ਬਹੁਤ ਤਰੱਕੀ ਕੀਤੀ ਹੈ ਫਿਰ ਵੀ ਬਹੁਤ ਸਾਰੀਆਂ ਐਸੀਆਂ ਬਿਮਾਰੀਆਂ ਹਨ ਜਿਨ੍ਹਾਂ ਦਾ ਇਲਾਜ ਆਧੁਨਿਕ ਚਿਕਿਤਸਾ ਪੱਧਤੀ ਵਿੱਚ ਤਾਂ ਨਹੀਂ ਪਰੰਤੂ ਭਾਰਤੀ ਵੈਦਿਕ ਯੋਗ ਦਰਸ਼ਨ ਵਿੱਚ ਸੌ ਫੀਸਦੀ ਹੈ। ਯੋਗ ਦਾ ਸਹਾਰਾ ਲੈ ਕੇ ਮਨੁੱਖ ਚਾਹੇ ਤਾਂ ਸੌ ਸਾਲ ਤਕ ਵੀ ਨਿਰੋਗ ਅਤੇ ਬਿਮਾਰੀਆਂ ਤੋਂ ਮੁਕਤ ਹੋ ਕੇ ਜੀਵਨ ਬਤੀਤ ਕਰ ਸਕਦਾ ਹੈ।ਸਵਾਮੀ ਨੇ ਸਾਧਕਾਂ ਨੂੰ ਨਾੜੀ ਸ਼ੋਧਨ, ਅਨੁਲੋਮ ਵਿਲੋਮ, ਪ੍ਰਾਣਾਯਾਮ, ਸਕੰਧ ਚਾਲਨ, ਪਾਦ ਚਾਲਨ, ਅਰਧ ਚੰਦ੍ਰਾਸਨ ਉਤਿਸ਼ਟ ਤਾਨ ਆਸਨ ਅਤੇ ਮੰਡੂਕ ਆਸਨ ਆਦਿ ਕਿਰਿਆਵਾਂ ਦਾ ਅਭਿਆਸ ਕਰਵਾਇਆ ਅਤੇ ਨਾਲ ਹੀ ਇਨ੍ਹਾਂ ਦੇ ਸਰੀਰਿਕ ਅਤੇ ਵਿਗਿਆਨਕ ਲਾਭ ਵੀ ਦੱਸੇ।ਸਵਾਮੀ ਜੀ ਨੇ ਸਾਧਕਾਂ ਨੂੰ ਰੁੱਖ ਲਗਾਉਣ ਅਤੇ ਜਲ ਬਚਾਉਣ ਦੀ ਪ੍ਰੇਰਨਾ ਵੀ ਦਿੱਤੀ। ਪ੍ਰੋਗਰਾਮ ਦਾ ਆਰੰਭ ਵੈਦਿਕ ਮੰਤਰਾਂ ਦੇ ਗਾਇਨ ਨਾਲ ਹੋਇਆ। ਸਾਧਕਾਂ ਨੇ ਸਰੀਰਕ ਅਤੇ ਆਤਮਿਕ ਲਾਭਾਂ ਨਾਲ ਭਰਪੂਰ ਇਸ ਪ੍ਰੋਗਰਾਮ ਦਾ ਪੂਰਾ ਲਾਭ ਪ੍ਰਾਪਤ ਕੀਤਾ ।

# ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਝਬਾਲ ਖਾਮ 'ਚ ਫਾਰਮ ਭਰਨੇ ਸ਼ੁਰੂ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਰਤਾਂ ਦੇ ਸਨਮਾਨ ਤੇ ਆਰਥਿਕ ਮਦਦ ਲਈ ਸ਼ੁਰੂ ਕੀਤੀ ਗਈ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਝਬਾਲ ਖਾਮ ਇਲਾਕੇ 'ਚ



ਫਾਰਮ ਭਰਨ ਦਾ ਕੰਮ ਸ਼ੁਰੂ ਹੋ ਗਿਆ ਹੈ।ਖਡੂਰ ਸਾਹਿਬ ਦੇ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਉਪਰਾਲਿਆਂ ਸਦਕਾ ਇਹ ਸਕੀਮ ਹੁਣ ਪਿੰਡ ਪੱਧਰ ਤੱਕ ਪਹੁੰਚ ਚੁੱਕੀ ਹੈ।ਸਕੀਮ ਅਧੀਨ ਯੋਗ ਲਾਭਪਾਤਰੀਆਂ ਨੂੰ 1000-1500 ਰੁਪਏ ਤੱਕ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਕਰਮ ਸਿੰਘ ਢਿੱਲੋਂ ਨੇ ਦੱਸਿਆ ਕਿ ਪਿੰਡ ਵਾਸੀ ਆਪਣੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਜਲਦ ਤੋਂ ਜਲਦ ਫਾਰਮ ਭਰਵਾ ਲੈਣ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਵਿਧਾਇਕ ਹਰਮੀਤ ਸਿੰਘ ਸੰਧੂ ਚਾਹੁੰਦੇ ਹਨ ਕਿ ਪਿੰਡ ਦਾ ਕੋਈ ਵੀ ਵਸਨੀਕ ਇਸ ਲੋਕ-ਭਲਾਈ ਸਕੀਮ ਤੋਂ ਵਾਂਝਾ ਨਾ ਰਹੇ।ਢਿੱਲੋਂ ਨੇ ਕਿਹਾ ਕਿ ਫਾਰਮ ਭਰਨ ਦੌਰਾਨ ਜੇਕਰ ਕਿਸੇ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਉਨ੍ਹਾਂ ਨਾਲ ਜਾਂ ਸਰਪੰਚ ਰਾਜ ਕੌਰ ਨਾਲ ਸੰਪਰਕ ਕਰ ਸਕਦਾ ਹੈ।

# ਮਾਨ ਸੈਂਡਵਾਲ 'ਚ ਸ਼ਹੀਦੀ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਮਾਨ ਸੈਂਡਵਾਲ ਵਿਖੇ ਡਾਕਟਰ ਸ਼ਿਵ ਸਿੰਘ ਗੁਰਦਾਸਪੁਰ ਵਾਲਿਆਂ ਦੇ ਨਿਸ਼ਕਾਮ ਕੀਰਤਨੀ ਜਥੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸੱਤ ਦਿਨਾ ਕੀਰਤਨ ਸਮਾਗਮ ਕਰਵਾਏ ਗਏ। ਇਹ ਕੀਰਤਨ ਸਮਾਗਮ



ਕਰਵਾਉਣ ਵਿੱਚ ਭਾਈ ਦਵਿੰਦਰ ਸਿੰਘ ਜਾਂਗਲੇ ਵਾਲਿਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।ਇਸ ਮੌਕੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸੰਗਤਾਂ ਨੂੰ ਕਥਾ ਵੀਚਾਰ ਸੁਣਾਏ।ਛੋਟੇ ਬੱਚਿਆਂ ਵੱਲੋਂ ਇਨ੍ਹਾਂ ਸਮਾਗਮਾਂ ਵਿਚ ਬੜਾ ਉਤਸ਼ਾਹ ਵਿਖਾਇਆ ਗਿਆ। ਦੀਵਾਨਾਂ ਦੀ ਸਮਾਪਤੀ ਮੌਕੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿੱਚ 51 ਦੇ ਕਰੀਬ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਅਖੀਰ ਵਿਚ ਪ੍ਰਧਾਨ ਸੁਖਜਿੰਦਰ ਸਿੰਘ ਵੱਲੋਂ ਸੱਤ ਦਿਨ ਲਗਾਤਾਰ ਗੁਰੂ ਘਰ ਹਾਜ਼ਰੀ ਭਰਦੀਆਂ ਰਹੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਗ੍ਰੰਥੀ ਬਾਬਾ ਬਲਦੇਵ ਸਿੰਘ, ਭਾਈ ਹਰਵਿੰਦਰ ਸਿੰਘ ਰਾਗੀ, ਡਾਕਟਰ ਕੰਵਲਜੀਤ ਸਿੰਘ, ਪਰਮਜੀਤ ਸਿੰਘ, ਭਾਈ ਹਰਦੀਪ ਸਿੰਘ, ਪਲਵਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ, ਜਰਨੈਲ ਸਿੰਘ, ਬੂਟਾ ਸਿੰਘ, ਰਣਜੀਤ ਸਿੰਘ, ਕੁਲਵਿੰਦਰ ਸਿੰਘ ਦੋਧੀ, ਗੁਰਵਿੰਦਰ ਸਿੰਘ, ਹਰਪਾਲ ਸਿੰਘ ਫੌਜੀ ਆਦਿ ਹਾਜ਼ਰ ਸਨ।

# ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਵਿੱਦਿਅਕ ਸੰਸਥਾਵਾਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਚੱਲ ਰਹੀਆਂ ਖ਼ਾਲਸਾ ਕਾਲਜ, ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ, ਖ਼ਾਲਸਾ ਕਾਲਜ ਆਫ਼ ਨਰਸਿੰਗ, ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਅਤੇ ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਵਿੱਦਿਅਕ ਸੰਸਥਾਵਾਂ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।ਇਸ ਮੌਕੇ ਉਕਤ



ਕ੍ਰਮਵਾਰ ਸੰਸਥਾਵਾਂ 'ਚ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਡਾਇਰੈਕਟਰ ਡਾ. ਮੰਜੂ ਬਾਲਾ, ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਸ: ਅਮਰਜੀਤ ਸਿੰਘ ਗਿੱਲ ਅਤੇ ਨਿਰਮਲਜੀਤ ਕੌਰ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨਾਲ ਸ਼ਮੂਲੀਅਤ ਕਰਦਿਆਂ ਯੋਗਾ ਅਭਿਆਸ ਕੀਤਾ ਅਤੇ ਤੰਦਰੁਸਤ ਜੀਵਨ ਸ਼ੈਲੀ ਅਪਣਾਉਣ ਦਾ ਸੰਦੇਸ਼ ਦਿੱਤਾ।ਇਸ ਦੌਰਾਨ ਨਰਸਿੰਗ ਕਾਲਜ ਵਿਖੇ ਖਾਲਸਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਤੋਂ ਸ: ਕੇਸਰ ਸਿੰਘ ਅਤੇ ਖ਼ਾਲਸਾ ਇੰਟਰਨੈਸ਼ਨਲ ਸਕੂਲ ਵਿਖੇ ਇਸਟ੍ਰਕਟਰ ਕਿਰਨ ਭਾਟੀਆ ਯੋਗਾ ਮਾਹਿਰਾਂ ਨੇ ਭਾਗੀਦਾਰਾਂ ਨੂੰ ਵੱਖ-ਵੱਖ ਯੋਗ ਆਸਨਾਂ, ਪ੍ਰਾਣਾਯਾਮ ਅਤੇ ਧਿਆਨ ਦੀਆਂ ਵਿਧੀਆਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਯੋਗਾ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਾਨਸਿਕ ਸ਼ਾਂਤੀ, ਇਕਾਗਰਤਾ ਅਤੇ ਆਤਮ-ਵਿਸ਼ਵਾਸ ਵਧਾਉਣ 'ਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਮੌਕੇ ਤਾੜਾਸਨ, ਭੁਜੰਗਾਸਨ, ਵਜਰਾਸਨ, ਤ੍ਰਿਕੋਣਾਸਨ ਅਤੇ ਅਨੁਲੋਮ-ਵਿਲੋਮ ਸਮੇਤ ਕਈ ਯੋਗ ਕਿਰਿਆਵਾਂ ਦਾ ਅਭਿਆਸ ਕੀਤਾ ਗਿਆ।ਇਸ ਦੌਰਾਨ ਉਕਤ ਅਦਾਰਿਆਂ ਦੇ ਪ੍ਰਿੰ: ਡਾ. ਰੰਧਾਵਾ, ਡਾ. ਮੰਜੂ ਬਾਲਾ, ਪ੍ਰਿੰ: ਡਾ. ਅਮਨਪ੍ਰੀਤ ਕੌਰ, ਸ: ਗਿੱਲ ਅਤੇ ਸ੍ਰੀਮਤੀ ਗਿੱਲ ਨੇ ਵੱਖ-ਵੱਖ ਭਾਸ਼ਣਾਂ ਰਾਹੀਂ ਕਿਹਾ ਕਿ ਅੱਜ ਦੇ ਤੇਜ਼ ਰਫ਼ਤਾਰ ਅਤੇ ਤਣਾਅ ਭਰੇ ਜੀਵਨ 'ਚ ਯੋਗਾ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ।ਉਨ੍ਹਾਂ ਕਿਹਾ ਕਿ ਯੋਗਾ ਭਾਰਤ ਦੀ ਪ੍ਰਾਚੀਨ ਅਤੇ ਅਨਮੋਲ ਵਿਰਾਸਤ ਹੈ, ਜਿਸ ਨੂੰ ਅੱਜ ਪੂਰੀ ਦੁਨੀਆ ਨੇ ਸਵੀਕਾਰ ਕੀਤਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਯੋਗਾ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਤਾਂ ਜੋ ਸਿਹਤਮੰਦ ਅਤੇ ਸੰਤੁਲਿਤ ਜੀਵਨ ਜੀਅ ਸਕਣ। ਇਸ ਮੌਕੇ ਸਮੂਹ ਭਾਗੀਦਾਰਾਂ ਨੇ ਨਿਯਮਿਤ ਯੋਗਾ ਕਰਨ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ 'ਚ ਆਪਣਾ ਯੋਗਦਾਨ ਪਾਉਣ ਦਾ ਸੰਕਲਪ ਲਿਆ।

# ਕਸੇਲ ਵਿਖੇ ਪੀਰ ਬਾਬਾ ਪੱਲ੍ਹੇ ਸ਼ਾਹ ਦਾ ਸਾਲਾਨਾ ਮੇਲਾ 29 ਨੂੰ : ਬਾਬਾ ਦਿਲਬਾਗ ਸਿੰਘ ਫੌਜੀ

**ਝਬਾਲ, (ਹਰਜਿੰਦਰ ਸਿੰਘ ਸੋਨੀ)**- ਪਿੰਡ ਕਸੇਲ ਵਿਖੇ ਸਥਿਤ ਪੀਰ ਬਾਬਾ ਪੱਲ੍ਹੇ ਸ਼ਾਹ ਦੇ ਦਰਬਾਰ ਤੇ ਸਾਲਾਨਾ ਮੇਲਾ 15 ਹਾੜ 29 ਜੂਨ ਦਿਨ ਸੋਮਵਾਰ ਨੂੰ ਮੇਲਾ ਪ੍ਰਬੰਧਕ ਕਮੇਟੀ, ਐੱਨ ਆਰ ਆਈ ਵੀਰਾਂ, ਫੌਜੀ ਵੀਰਾਂ ਅਤੇ ਨਗਰ ਕਸੇਲ ਦੀਆਂ ਸਮੂਹ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ



ਜਾਣਕਾਰੀ ਦਿੰਦਿਆਂ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਦਿਲਬਾਗ ਸਿੰਘ ਫੌਜੀ ਪ੍ਰਧਾਨ ਨੇ ਦੱਸਿਆ ਕਿ ਸਵ: ਬਾਬਾ ਜੋਗਿੰਦਰ ਸਿੰਘ ਸਾਧ ਦੇ ਅਸ਼ੀਰਵਾਦ ਅਤੇ ਬਾਬਾ ਨਿਸਾਨ ਸਿੰਘ ਦੇ ਸਹਿਯੋਗ ਸਦਕਾ 25 ਜੂਨ ਨੂੰ ਸਵੇਰੇ 8 ਵਜੇ ਝੰਡੇ ਰਸਮ, 28 ਜੂਨ ਨੂੰ ਸ਼ਾਮ 5 ਤੋਂ 6 ਵਜੇ ਜਾਗੋ ਅਤੇ ਮਹਿੰਦੀ ਦੀ ਰਸਮ, 6 ਤੋਂ 7 ਵਜੇ ਤੱਕ ਉਪਰੰਤ ਕੇਕ ਕੱਟਿਆ ਜਾਵੇਗਾ।ਜਦ ਕਿ ਸਜਾਈ ਮਹਿਫ਼ਲ ਵਿੱਚ ਮਾਹੀ ਕਵਾਲ ਅਤੇ ਪ੍ਰਦੀਪ ਕਵਾਲ ਰਾਤ 9 ਵਜੇ ਤੋਂ 1 ਵਜੇ ਤੱਕ ਕਵਾਲੀਆਂ ਪੇਸ਼ ਕਰਨਗੇ।29 ਜੂਨ ਦਿਨ ਸੋਮਵਾਰ ਨੂੰ ਆਯੋਜਿਤ ਸੱਭਿਆਚਾਰਕ ਮੇਲੇ ਮੌਕੇ ਪੰਜਾਬ ਦੀ ਨਾਮਵਰ ਗਾਇਕਾਂ ਰੋਜ਼ੀ ਮਾਨ ਤੋਂ ਇਲਾਵਾ ਦੋਗਾਣਾ ਗਾਇਕ ਜੋੜੀ ਰਾਜ ਅਟੱਲਗੜ੍ਹ ਅਤੇ ਮਿਸ ਨੀਲਮ ਸਰੋਤਿਆਂ ਦਾ ਮਨੋਰੰਜਨ ਕਰਨ ਲਈ ਪੁੱਜਣਗੇ। ਸ਼ਾਮ ਨੂੰ ਪ੍ਰਸਿੱਧ ਕਬੱਡੀ ਕਲੱਬਾ ਅੰਮ੍ਰਿਤਸਰ ਤੇ ਤਰਨਤਾਰਨ ਦੀਆਂ ਟੀਮਾਂ ਵਿਚਕਾਰ ਪ੍ਰਦਰਸ਼ਨੀ ਮੈਚ ਖੇਡਿਆ ਜਾਵੇਗਾ। ਪ੍ਰਧਾਨ ਦਿਲਬਾਗ ਸਿੰਘ ਫੌਜੀ ਨੇ ਸਮੁੱਚੇ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਮਨਾਏ ਜਾ ਰਹੇ ਸਾਲਾਨਾ ਮੇਲੇ 'ਤੇ ਹੁੰਮ ਹੁਮਾ ਕੇ ਪਹੁੰਚਣ ਅਤੇ ਬਾਬਾ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਜਮਹੂਰੀ ਕਿਸਾਨ ਸਭਾ ਤੇ ਐੱਸ ਕੇ ਐੱਮ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਵੱਲੋਂ ਭੱਠਾ ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ

**ਪਠਾਨਕੋਟ (ਦਵਿੰਦਰ ਸਿੰਘ)**- ਪਠਾਨਕੋਟ ਜ਼ਿਲੇ ਅੰਦਰ ਇੱਟ ਭੱਠਿਆਂ ਉਪਰ ਕੰਮ ਕਰਦੇ ਵੱਖ-ਵੱਖ ਕੈਟੇਗਰੀਆਂ ਦੇ ਮਜ਼ਦੂਰਾਂ ਦੇ ਮਜ਼ਦੂਰੀ ਦੇ ਰੇਟ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਸਿਸਟੈਂਟ ਲੇਬਰ ਕਮਿਸ਼ਨਰ ਪਠਾਨਕੋਟ ਦੀ ਮੌਜੂਦਗੀ ਵਿੱਚ ਭੱਠਾ ਮਾਲਕ ਐਸੋਸੀਏਸ਼ਨ ਜ਼ਿਲ੍ਹਾ ਪਠਾਨਕੋਟ ਅਤੇ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਸਬੰਧਤ (ਸੀ ਟੀ ਯੂ ਪੰਜਾਬ) ਵਿਚਕਾਰ 2 ਜੂਨ ਨੂੰ ਲਿਖਤੀ ਸਮਝੌਤਾ ਹੋਇਆ ਸੀ।ਡੀ. ਸੀ. ਦਫ਼ਤਰ ਦੇ ਬਾਹਰ ਇਕੱਠੇ ਹੋਏ ਸੈਂਕੜੇ ਭੱਠਾ ਮਜ਼ਦੂਰ ਔਰਤਾਂ-ਮਰਦਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਅਤੇ ਜਾਇੰਟ ਸਕੱਤਰ ਕਾਮਰੇਡ ਮਨਹਰਨ ਨੇ ਕਿਹਾ ਕਿ ਸਰਦੀ ਸੀਜ਼ਨ ਦੌਰਾਨ ਕੀਤੇ ਕੰਮ ਦਾ ਬਕਾਇਆ ਦੇਣਾ ਵੀ ਮੰਨਿਆ ਸੀ ਪਰ ਇਸ ਵਾਰ 15 ਜੂਨ ਗਰਮੀ ਸੀਜ਼ਨ ਦੀ ਸਮਾਪਤੀ ਉਪਰੰਤ ਮਜ਼ਦੂਰ ਆਪਣੇ ਘਰਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ ਪਰ ਭੱਠਾ ਮਜ਼ਦੂਰਾਂ ਨੂੰ ਹਿਸਾਬ ਸਮੇਂ ਕੁਝ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਜਿਵੇਂ ਭੱਠਾ




ਮਾਲਕ ਸਮਝੌਤੇ ਅਨੁਸਾਰ ਮਜ਼ਦੂਰੀ ਨਹੀਂ ਦੇ ਰਹੇ।ਮਜ਼ਦੂਰਾਂ ਨੂੰ ਤੁਰੰਤ ਮਜ਼ਦੂਰੀ ਦਾ ਹਿਸਾਬ ਕਰਵਾਇਆ ਜਾਵੇ।ਸਮਝੌਤੇ ਦੀ ਉਲੰਘਣਾ ਦੇ ਦੋਸ਼ੀ ਮਾਲਕਾਂ ਖਿਲਾਫ ਪਰਚਾ ਦਰਜ ਕਰ ਕੇ ਬਣਦੀ ਕਾਰਵਾਈ ਕੀਤੀ ਜਾਏ।ਲੇਬਰ ਵਿਭਾਗ ਦੇ ਅਧਿਕਾਰੀ ਸਮਝੌਤੇ ਨੂੰ ਲਾਗੂ ਕਰਾਉਣਾ ਜ਼ਰੂਰੀ ਨਹੀਂ ਸਮਝ ਰਹੇ। ਸਮਝੌਤਾ ਲਾਗੂ ਕਰਾਉਣ ਤੋਂ ਆਨਾਕਾਨੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇ।ਲੇਬਰ ਵਿਭਾਗ ਦੇ ਅਧਿਕਾਰੀਆਂ ਦੀ ਭੱਠਾ ਮਾਲਕਾਂ ਨਾਲ ਮਿਲੀਭੁਗਤ ਹੋਣ ਕਰਕੇ ਪੰਜਾਬ ਸਰਕਾਰ ਵੱਲੋਂ ਜਾਰੀ ਮਿਨੀਮਮ ਵੇਜ ਵੀ ਲਾਗੂ ਨਹੀਂ ਹੋ ਰਹੀ।ਕੱਚੀਆਂ ਇੱਟਾਂ ਦੀ ਭਰਾਈ ਪਸ਼ੂ ਰੇੜ੍ਹੇ ਨਾਲ ਬਣਦੀ ਮਜ਼ਦੂਰੀ 448 ਰੁਪਏ ਦੀ ਬਜਾਏ 250 ਤੋਂ 270 ਰੁਪਏ ਦਿੱਤੀ ਜਾ ਰਹੀ ਹੈ।ਕੱਚੀਆਂ ਇੱਟਾਂ ਦੀ ਟਰਾਲੀ ਨਾਲ ਭਰਾਈ ਦੀ ਬਣਦੀ ਮਜ਼ਦੂਰੀ 390 ਰੁਪਏ ਦੀ ਬਜਾਏ 240 ਤੋਂ 260 ਰੁਪਏ ਦਿੱਤੀ ਜਾ ਰਹੀ ਹੈ।ਪੱਕੀਆਂ ਇੱਟਾਂ ਦੀ ਲੋਡ-ਅਨਲੋਡ ਬਣਦੀ ਮਜ਼ਦੂਰੀ 332 ਰੁਪਏ ਦੀ ਬਜਾਏ 160-170 ਰੁਪਏ ਦਿੱਤੀ ਜਾ ਰਹੀ ਹੈ ਜੋ ਸਰਾਸਰ ਗਲਤ ਤੇ ਗੈਰ-ਕਾਨੂੰਨੀ ਹੈ।ਭੱਠਾ ਮਾਲਕ ਮਜ਼ਦੂਰਾਂ ਤੋਂ 8-10 ਵਾਟ ਦੇ ਦੋ ਸੀ ਐੱਫ ਐੱਲ ਬੱਲਬ ਦਾ 3000-3000 ਰੁਪਏ ਬਿਜਲੀ ਬਿੱਲ ਜਬਰੀ ਵਸੂਲ ਰਹੇ ਹਨ।ਡਿਪਟੀ ਡਾਇਰੈਕਟਰ ਫੈਕਟਰੀ ਜ਼ਿਲਾ ਪਠਾਨਕੋਟ ਦੀ ਕਾਰਗੁਜ਼ਾਰੀ ਵੀ ਮਜ਼ਦੂਰ ਵਿਰੋਧੀ ਤੇ ਮਾਲਕ ਪੱਖੀ ਹੈ।ਆਏ ਦਿਨ ਭੱਠਿਆਂ ਉਪਰ ਹਾਦਸੇ ਹੁੰਦੇ ਹਨ। ਕਈ ਵਾਰ ਮਜ਼ਦੂਰਾਂ ਦੀ ਮੌਤ ਵੀ ਹੋ ਜਾਂਦੀ ਹੈ, ਸੱਟਾਂ ਲੱਗਣੀਆਂ ਆਮ ਵਰਤਾਰਾ ਹੈ।ਇਸ ਦੀ ਵੀ ਬਾਕਾਇਦਾ ਜਾਂਚ ਪੜਤਾਲ ਹੋਵੇ।ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਅਤੇ ਵੱਖ-ਵੱਖ ਭੱਠਿਆਂ ਦੇ ਮਜ਼ਦੂਰ ਔਰਤਾਂ-ਮਰਦਾਂ ਵੱਲੋਂ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ ਸ਼ਿਕਾਇਤ ਪੱਤਰ ਦੇ ਕੇ ਉਪਰੋਕਤ ਸਾਰੇ ਮਾਮਲੇ ਦੀ ਮਾਨਯੋਗ ਉਪ ਮੰਡਲ ਮੈਜਿਸਟਰੇਟ ਤੋਂ ਜਾਂਚ ਪੜਤਾਲ ਕਰਵਾ ਕੇ ਬਣਦੀ ਕਾਰਵਾਈ ਦੇ ਆਦੇਸ਼ ਦਿੱਤੇ ਜਾਣ ਅਤੇ ਫੌਰੀ ਤੌਰ ਤੇ ਮਜ਼ਦੂਰਾਂ ਨੂੰ ਨਵੇਂ ਰੇਟ ਨਾਲ ਹਿਸਾਬ ਕਰਾਉਣ ਲਈ ਆਵਾਜ਼ ਉਠਾਈ।ਮਜ਼ਦੂਰਾਂ ਦੇ ਸੰਘਰਸ਼ ਵਿੱਚ ਪੁੱਜੇ ਜਮਹੂਰੀ ਕਿਸਾਨ ਸਭਾ ਤੇ ਐੱਸ ਕੇ ਐੱਮ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਨੇ ਸੰਘਰਸ਼ ਦੀ ਹਮਾਇਤ ਕਰਦਿਆਂ ਕਿਹਾ ਕਿ ਜੇਕਰ ਮਜ਼ਦੂਰਾਂ ਦਾ ਧਰਨਾ ਪੱਕਾ ਲੱਗਾ ਤਾਂ ਲੰਗਰ ਪਾਣੀ ਦੀ ਵਿਵਸਥਾ ਕਿਸਾਨ ਕਰਨਗੇ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂਆਂ ਕਾਮਰੇਡ ਰਾਮ ਬਿਲਾਸ ਠਾਕੁਰ, ਦੇਵ ਰਾਜ ਸੈਲੀਕੁਲੀਆਂ, ਸੋਹਨ ਲਾਲ ਢਾਂਗੂ, ਸੁਖਦੇਵ ਰਾਜ ਤੋਂ ਇਲਾਵਾ ਭੱਠਾ ਮਜ਼ਦੂਰ ਆਗੂ ਰਾਮਦਿਆਲ ਤੇ ਪ੍ਰਸ਼ੋਤਮ ਦਾਸ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

# ਯੂਥ ਕਾਂਗਰਸ ਚੋਣਾਂ 'ਚ ਦਿਨੇਸ਼ ਬੱਸੀ ਦੇ ਸਾਰੇ ਉਮੀਦਵਾਰ ਜਿੱਤੇ

**ਛੇਹਰਟਾ, (ਮਨੋਜ ਕੁਮਾਰ)** ਸੀਨੀਅਰ ਕਾਂਗਰਸੀ ਨੇਤਾ ਤੇ ਸਾਬਕਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦਿਨੇਸ਼ ਬੱਸੀ ਦੀ ਅਗਵਾਈ ਵਾਲੀ ਟੀਮ ਨੇ ਪੂਰਬੀ ਚੋਣ ਹਲਕੇ ਅੰਦਰ ਭਾਰਤੀ ਯੂਥ ਕਾਂਗਰਸ ਚੋਣਾਂ ਵਿੱਚ ਆਪਣਾ ਦਬਦਬਾ ਦਿਖਾਇਆ। ਉਨ੍ਹਾਂ ਦੀ ਟੀਮ ਦੇ ਸਾਰੇ ਉਮੀਦਵਾਰਾਂ ਨੇ ਪ੍ਰਭਾਵਸ਼ਾਲੀ ਜਿੱਤਾਂ ਪ੍ਰਾਪਤ ਕੀਤੀਆਂ।



ਚੋਣ ਸਫ਼ਲਤਾ ਤੋਂ ਬਾਅਦ ਦਿਨੇਸ਼ ਬੱਸੀ ਨੇ ਆਪਣੇ ਦਫ਼ਤਰ ਵਿਚ ਨਵ-ਨਿਯੁਕਤ ਅਹੁਦੇਦਾਰਾਂ ਤੇ ਯੂਥ ਵਰਕਰਾਂ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਕਾਂਗਰਸ ਦੇ ਸਾਬਕਾ ਸ਼ਹਿਰੀ ਪ੍ਰਧਾਨ ਅਸ਼ਵਨੀ ਪੱਪੂ, ਉਨ੍ਹਾਂ ਦੇ ਪੁੱਤਰ ਤੇ ਨਵ-ਨਿਯੁਕਤ ਅੰਮ੍ਰਿਤਸਰ ਯੂਥ ਕਾਂਗਰਸ ਪ੍ਰਧਾਨ ਕਨਿਸ਼ਨ ਧਾਮੀ ਵੀ ਮੌਜੂਦ ਸਨ। ਬੱਸੀ ਦੇ 7 ਉਮੀਦਵਾਰਾਂ ਨੇ ਕਰੀਬ ਦੁੱਗਣੀਆਂ ਵੋਟਾਂ ਦੇ ਅੰਤਰ ਨਾਲ ਜਿੱਤ ਪ੍ਰਾਪਤ ਕੀਤੀ। ਪੂਰਬੀ ਚੋਣ ਹਲਕੇ ਵਿਚ ਦਿਨੇਸ਼ ਬੱਸੀ ਨੇ ਮੁਹਿੰਮ ਦੀ ਅਗਵਾਈ ਯੁਵਰਾਜ ਮਜੀਠੀਆ, ਪਰਮੀਤਪਾਲ ਸਿੰਘ ਤੇ ਗੌਤਮ ਨੂੰ ਸੌਂਪੀ ਸੀ। ਯੁਵਰਾਜ ਮਜੀਠੀਆ ਨੇ ਸਾਹਿਲ ਕਪੂਰ ਨੂੰ 1,524 ਵੋਟਾਂ ਨਾਲ ਹਰਾ ਕੇ ਹਲਕਾ ਪ੍ਰਧਾਨ ਦਾ ਅਹੁਦਾ ਹਾਸਲ ਕੀਤਾ।

ਪਰਮੀਤਪਾਲ ਸਿੰਘ ਨੇ ਨਿਊ ਅੰਮ੍ਰਿਤਸਰ ਬਲਾਕ ਵਿਚ ਸਾਹਿਲ ਭੰਡਾਰੀ ਨੂੰ 765 ਵੋਟਾਂ ਨਾਲ ਤੇ ਗੌਤਮ ਨੇ ਅਨਮੋਲ ਸਹਿਦੇਵ ਨੂੰ 1,127 ਵੋਟਾਂ ਨਾਲ ਹਰਾ ਕੇ ਵੇਰਕਾ ਬਲਾਕ ਪ੍ਰਧਾਨ ਦਾ ਅਹੁਦਾ ਜਿੱਤਿਆ। ਇਸ ਤੋਂ ਇਲਾਵਾ ਚਾਰ ਹੋਰ ਉਮੀਦਵਾਰ ਸਾਨੀਆ ਭਗਤ ਤੇ ਜ਼ੋਰਾਵਰ ਸਿੰਘ (ਅੰਮ੍ਰਿਤਸਰ ਸ਼ਹਿਰ ਜਨਰਲ ਸਕੱਤਰ), ਵਿਪੁਲ ਮਹਾਜਨ ਤੇ ਪ੍ਰਕਿਸ਼ਤ ਸ਼ਰਮਾ (ਜ਼ਿਲ੍ਹਾ ਜਨਰਲ ਸਕੱਤਰ) ਨੇ ਆਪਣੇ-ਆਪਣੇ ਅਹੁਦੇ ਸੁਰੱਖਿਅਤ ਕੀਤੇ। ਬੱਸੀ ਨੇ ਕਿਹਾ ਕਿ ਇਹ ਜਿੱਤ ਪੂਰੀ ਟੀਮ ਤੇ ਯੂਥ ਵਰਕਰਾਂ ਵੱਲੋਂ ਦਿਖਾਈ ਗਈ ਏਕਤਾ ਦਾ ਨਤੀਜਾ ਹੈ। ਦਿਨੇਸ਼ ਬੱਸੀ ਨੇ ਅੰਮ੍ਰਿਤਸਰ ਪੂਰਬੀ ਯੂਥ ਕਾਂਗਰਸ ਦੀ ਪੂਰੀ ਟੀਮ ਤੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕੀਤੀ। ਦਿਨੇਸ਼ ਬੱਸੀ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਾਰੇ ਨੌਜਵਾਨ ਵਰਕਰਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ।

# ਐਕਸਪੀਰੀਐਂਸ ਐੱਲ ਪੀ ਯੂ 2026 ਨੇ ਹਜ਼ਾਰਾਂ ਵਿਦਿਆਰਥੀਆਂ ਨੂੰ 'ਵਰਸਿਟੀ ਜੀਵਨ ਦਾ ਸਿੱਧਾ ਤਜਰਬਾ ਦਿੱਤਾ

**ਜਲੰਧਰ (ਸ਼ੈਲੀ ਐਲਬਰਟ)**- ਐਕਸਪੀਰੀਅੰਸ ਐਲਪੀਯੂ 2026 ਦੇ ਦੂਜੇ ਐਡੀਸ਼ਨ, ਜੋ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੀ ਆਪਣੀ ਕਿਸਮ ਦੀ ਪਹਿਲੀ ਕੈਂਪਸ ਸ਼ਮੂਲੀਅਤ ਪਹਿਲ ਹੈ, ਨੇ ਦੇਸ਼ ਭਰ ਤੋਂ ਹਜ਼ਾਰਾਂ ਨਵੇਂ ਪ੍ਰਵੇਸ਼ਕਰਤਾਵਾਂ ਅਤੇ ਦਿਲਚਸਪੀ ਰੱਖਣ ਵਾਲੇ ਬਿਨੈਕਾਰਾਂ ਦਾ ਸਵਾਗਤ ਕੀਤਾ। ਉਨ੍ਹਾਂ ਨੂੰ ਯੂਨੀਵਰਸਿਟੀ ਜੀਵਨ ਦਾ ਖੁਦ ਅਨੁਭਵ ਕਰਨ ਦਾ ਇੱਕ ਵਿਲੱਖਣ ਮੌਕਾ ਮਿਲਿਆ। ਜਦੋਂ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਆਪਣੇ ਭਵਿੱਖ ਦੇ ਅਕਾਦਮਿਕ ਘਰ ਨੂੰ ਦੇਖਣ ਲਈ ਕੈਂਪਸ ਪਹੁੰਚੇ, ਤਾਂ ਉਨ੍ਹਾਂ ਦਾ ਇੱਕ ਜੀਵੰਤ ਵਾਤਾਵਰਣ ਵਿੱਚ ਸਵਾਗਤ ਕੀਤਾ ਗਿਆ ਜਿੱਥੇ ਨਵੀਨਤਾ, ਸਿੱਖਿਆ, ਉੱਦਮਤਾ, ਸੱਭਿਆਚਾਰ ਅਤੇ ਕਰੀਅਰ ਦੀਆਂ ਇੱਛਾਵਾਂ ਸਹਿਜੇ ਹੀ ਮਿਲ ਜਾਂਦੀਆਂ ਹਨ। ਆਮ ਦਾਖਲਾ ਗੱਲਬਾਤ ਦੇ ਉਲਟ, 'ਐਕਸਪੀਰੀਅੰਸ ਐਲ ਪੀ ਯੂ' ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਯੂਨੀਵਰਸਿਟੀ ਦੇ ਵਿਦਿਆਰਥੀ, ਫੈਕਲਟੀ ਮੈਂਬਰਾਂ, ਸਫਲ ਸਾਬਕਾ ਵਿਦਿਆਰਥੀਆਂ ਅਤੇ ਉਦਯੋਗ ਮਾਹਰਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਤਿੰਨ ਦਿਨਾਂ ਦੇ ਇਸ ਪ੍ਰੋਗਰਾਮ ਵਿੱਚ ਸਿੱਖਣ, ਨਵੀਨਤਾ ਅਤੇ ਮਨੋਰੰਜਨ ਦਾ ਇੱਕ ਵਿਲੱਖਣ ਮਿਸ਼ਰਣ ਪੇਸ਼ ਕੀਤਾ ਗਿਆ। ਵਿਸ਼ੇਸ਼ ਗਤੀਵਿਧੀਆਂ ਵਿੱਚ ਕੈਂਪਸ ਟੂਰ, ਵੱਖ-ਵੱਖ ਵਿਸ਼ਿਆਂ ਵਿੱਚ ਸਕੂਲ ਦੌਰੇ, ਪ੍ਰੋਜੈਕਟ ਪ੍ਰਦਰਸ਼ਨੀਆਂ, ਸ਼ਮੂਲੀਅਤ ਜ਼ੋਨ, ਸੇਲਿਬ੍ਰਿਟੀ ਗੈਸਟ ਸੈਸ਼ਨ, ਫਾਇਰਸਾਈਡ ਚੈਟ, ਸੱਭਿਆਚਾਰਕ ਪ੍ਰਦਰਸ਼ਨ, ਫੈਸ਼ਨ ਸ਼ੋਅਕੇਸ, ਮਿੱਟੀ ਦੇ ਭਾਂਡੇ ਵਰਕਸ਼ਾਪ, ਕਲਾ ਪ੍ਰਦਰਸ਼ਨ, ਵਿਦਿਆਰਥੀ ਨਵੀਨਤਾ ਪ੍ਰਦਰਸ਼ਨੀਆਂ ਅਤੇ ਪ੍ਰਤਿਭਾ ਪੇਸ਼ਕਾਰੀਆਂ ਸ਼ਾਮਲ ਸਨ। ਵੱਖ-ਵੱਖ ਖੇਤਰਾਂ ਦੀਆਂ ਪ੍ਰਸਿੱਧ ਸ਼ਖਸੀਅਤਾਂ ਨਾਲ ਕਈ ਜਾਣਕਾਰੀ ਭਰਪੂਰ ਸੈਸ਼ਨ ਆਯੋਜਿਤ ਕੀਤੇ ਗਏ। ਵਿਦਿਆਰਥੀਆਂ ਅਤੇ ਮਾਪਿਆਂ ਨੂੰ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਕਾਰੋਬਾਰੀ ਨੇਤਾਵਾਂ ਵਿੱਚੋਂ ਇੱਕ, ਡਾ. ਨਿਰੰਜਨ ਹੀਰਾਨੰਦਾਨੀ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ।




# ਸ਼੍ਰੋਮਣੀ ਅਕਾਲੀ ਦਲ ਨੇ ਚੋਣ ਮੈਦਾਨ 'ਚ ਉਤਾਰੇ 4 ਹੋਰ ਉਮੀਦਵਾਰ

## ਹੁਣ ਤੱਕ ਕੁੱਲ 35 ਟਿਕਟਾਂ ਦਾ ਐਲਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਚੋਣਾਂ ਨੂੰ ਮੁੱਖ ਰੱਖਦਿਆਂ ਆਪਣੀ ਸਰਗਰਮੀ ਵਧਾਉਂਦੇ ਹੋਏ ਚਾਰ ਹੋਰ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਨਵੀਂ ਸੂਚੀ ਦੇ ਆਉਣ ਨਾਲ ਪਾਰਟੀ ਵੱਲੋਂ ਹੁਣ ਤੱਕ ਚੋਣ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰਾਂ ਦੀ ਕੁੱਲ ਗਿਣਤੀ 35 ਤੱਕ ਪਹੁੰਚ ਗਈ ਹੈ। ਇਸ ਸਬੰਧੀ ਵਿਸਤ੍ਰਿਤ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਦੱਸਿਆ ਕਿ ਪਾਰਟੀ ਦੀ ਮਜਬੂਤੀ ਅਤੇ ਸਥਾਨਕ ਲੋਕਾਂ ਦੀ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਮਿਹਨਤੀ ਆਗੂਆਂ ਨੂੰ ਨਿਵਾਜਿਆ ਗਿਆ ਹੈ। ਨਵੇਂ ਐਲਾਨੇ ਗਏ ਉਮੀਦਵਾਰਾਂ ਦਾ ਵੇਰਵਾ ਹਨ ਵਾਰਡ ਨੰਬਰ 9: ਮਨਜੀਤ ਕੌਰ, ਵਾਰਡ ਨੰਬਰ 15: ਪੂਨਮ ਦੇਵੀ , ਵਾਰਡ ਨੰਬਰ 31: ਅਨੀਤਾ ਦੇਵੀ , ਵਾਰਡ ਨੰਬਰ 32: ਸੰਜੀਵ ਕੁਮਾਰ। ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਭਰੋਸਾ ਜਤਾਇਆ ਕਿ ਪਾਰਟੀ ਦੇ ਸਾਰੇ ਉਮੀਦਵਾਰ ਆਪੋ-ਆਪਣੇ ਵਾਰਡਾਂ ਵਿੱਚ ਮਜ਼ਬੂਤ ਸਥਿਤੀ ਵਿੱਚ ਹਨ ਅਤੇ ਪਾਰਟੀ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਅਤੇ ਲੋਕ-ਪੱਖੀ ਨੀਤੀਆਂ ਸਦਕਾ ਸ਼ਾਨਦਾਰ ਜਿੱਤ ਹਾਸਲ ਕਰਨਗੇ।

# ਇੰਸਪੈਕਟਰ ਅਮਨ ਸੈਣੀ ਨੇ ਚਾਰਜ ਸੰਭਾਲਿਆ



**ਸ਼ਾਹਕੋਟ (ਅਮਨਦੀਪ ਸੈਦਪੁਰੀ)**- ਮੰਗਲਵਾਰ ਨੂੰ ਮਾਡਲ ਥਾਣਾ ਸ਼ਾਹਕੋਟ ਵਿਖੇ ਇੰਸਪੈਕਟਰ ਅਮਨ ਸੈਣੀ ਨੇ ਬਤੌਰ ਥਾਣਾ ਮੁਖੀ ਚਾਰਜ ਸੰਭਾਲਿਆ। ਚਾਰਜ ਸੰਭਾਲਣ ਉਪਰੰਤ ਉਨ੍ਹਾਂ ਪ੍ਰੈਸ ਕਲੱਬ ਸ਼ਾਹਕੋਟ ਦੇ ਪੱਤਰਕਾਰ ਭਾਈਚਾਰੇ ਨਾਲ ਵਿਸ਼ੇਸ਼ ਮਿਲਣੀ ਕੀਤੀ। ਇਸ ਮਿਲਣੀ ਦੌਰਾਨ ਉਹਨਾਂ ਸਮਾਜ ਵਿੱਚ ਵੱਖ-ਵੱਖ ਆ ਰਹੀਆਂ ਕੁਰੀਤੀਆਂ ਦਾ ਉਚੇਚ ਨਾਲ ਜ਼ਿਕਰ ਕੀਤਾ। ਉਹਨਾਂ ਬੜੇ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦਿਆਂ ਕਿਹਾ ਕਿ ਉਹ ਕੁਝ ਸਾਲ ਪਹਿਲਾਂ ਸ਼ਾਹਕੋਟ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਉਹਨਾਂ ਕਿਹਾ ਕਿ ਉਹਨਾਂ ਦਾ ਮੁੱਖ ਮਕਸਦ ਹੈ ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨਾ। ਉਹਨਾਂ ਕਿਹਾ ਨਸ਼ਾ ਹੀ ਅਪਰਾਧ ਨੂੰ ਵਧਾਉਂਦਾ ਹੈ। ਉਹਨਾਂ ਸ਼ਾਹਕੋਟ ਮੇਨ ਬਾਜ਼ਾਰ ਵਿੱਚ ਟਰੈਫਿਕ ਦੀ ਸਮੱਸਿਆ ਨੂੰ ਵੀ ਹੱਲ ਕਰਨ ਦਾ ਭਰੋਸਾ ਦਿੱਤਾ। ਇੰਸਪੈਕਟਰ ਸੈਣੀ ਨੇ ਕਿਹਾ ਕਿ ਇਲਾਕੇ ਦੇ ਚੁਣੇ ਹੋਏ ਨੁਮਾਇੰਦੇ ਅਤੇ ਹੋਰ ਮੋਹਤਬਰ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ ਤਾਂ ਜੋ ਆਮ ਲੋਕਾਂ ਨੂੰ ਸੁਰੱਖਿਆ ਭਰੀ ਜ਼ਿੰਦਗੀ ਮਿਲ ਸਕੇ। ਅੰਤ ਵਿੱਚ ਉਹਨਾਂ ਨੇ ਪੱਤਰਕਾਰ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਵੀ ਉਹਨਾਂ ਦਾ ਸਹਿਯੋਗ ਕਰਨ ਅਤੇ ਪੰਜਾਬ ਪੁਲਿਸ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਮੌਜੂਦ ਰਹੇਗੀ।

## ਜਨਮ ਦਿਨ ਮੁਬਾਰਕ



ਹਰਜਾਪ ਸਿੰਘ
ਫਗਵਾੜਾ

# ਦਰਬਾਰ ਚੋਲੀਪੁਰ ਦਾ ਸਲਾਨਾ ਭੰਡਾਰਾ ਤੇ ਜੋੜ ਮੇਲਾ

**ਅੱਡਾ ਸਰਾਂ (ਜਸਵੀਰ ਕਾਜਲ)**- ਬਾਬਾ ਹਰਸੈਅ ਜੀ ਦੇ ਸਥਾਨ ਦਰਬਾਰ ਚੋਲੀਪੁਰ ਵਿਖੇ ਕਰਵਾਇਆ ਗਿਆ ਦੋ ਦਿਨਾ ਸਲਾਨਾ ਸੂਫੀਆਨਾ ਜੋੜ ਮੇਲਾ ਸਫਲਤਾ ਪੂਰਵਕ ਸੰਪੰਨ ਹੋ ਗਿਆ । ਗੱਦੀਨਸ਼ੀਨ ਸੰਤ ਬਾਬਾ ਸੋਢੀ ਸ਼ਾਹ ਦੀ ਸਰਪ੍ਰਸਤੀ ਹੇਠ ਸੇਵਾਦਾਰਾਂ, ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਜੋੜ ਮੇਲੇ ਵਿੱਚ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਸਜਾਏ ਗਏ ਸੂਫੀਆਨਾ ਦਰਬਾਰ ਵਿੱਚ ਪ੍ਰਸਿੱਧ ਗਾਇਕ ਮਾਸ਼ਾ ਅਲੀ, ਉਮਰ ਦਰਾਜ ਚਿਸ਼ਤੀ, ਕਵਾਲ ਓਂਕਾਰ ਵਾਲਿਆਂ ਐਂਡ ਪਾਰਟੀ, ਬਖਸ਼ੀਸ਼ ਕਵਾਲ ਐਂਡ ਪਾਰਟੀ, ਇਸ਼ਰਤ ਗੁਲਾਮ ਅਲੀ, ਗਾਇਕ ਸੋਨੂ ਸੁਰਜੀਤ, ਸ਼ੌਕਤ ਅਲੀ ਦੀਵਾਨਾ, ਅਸ਼ਵਨੀ ਸੂਫੀ, ਗਾਇਕ ਮਲਕੀਤ ਬੁੱਲਾ, ਕਮਲ ਸੱਤਾ ਕਵਾਲ ਐਂਡ ਪਾਰਟੀ ਸੂਫੀਆਨਾ ਕਲਾਮਾਂ ਰਾਹੀ ਹਾਜ਼ਰੀ ਲਗਾਉਂਦੇ ਹੋਏ ਪੀਰਾਂ ਫਕੀਰਾਂ ਦੀ ਮਹਿਮਾ ਦਾ ਗੁਣਗਾਨ ਕੀਤਾ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਉਣ ਲਈ ਪਹੁੰਚੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਸਾਬਕਾ ਸੰਸਦੀ ਸਕੱਤਰ ਦੇਸਰਾਜ ਸਿੰਘ ਧੁੱਗਾ, ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ, ਸਮਾਜ ਸੇਵੀ ਸੁਖਜੀਤ ਸਿੰਘ ਭਾਰਦਵਾਜ ਤੇ ਹੋਰਨਾਂ ਨੇ ਪਵਿੱਤਰ ਅਸਥਾਨ 'ਤੇ ਨਤਮਸਤਕ ਹੁੰਦੇ ਹੋਏ ਬਾਬਾ ਜੀ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ ਤੇ ਸਮੂਹ ਸੰਗਤ ਨੂੰ ਸਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ। ਇਸ ਮੌਕੇ ਬਾਬਾ ਸੋਢੀ ਸ਼ਾਹ ਵੱਲੋਂ ਪਹੁੰਚੀਆਂ ਸ਼ਖਸੀਅਤਾਂ ਅਤੇ ਸੇਵਾਦਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਰਪੰਚ ਪਰਮਜੀਤ ਬਿੱਟੂ ਜੌਹਲ, ਕੌਂਸਲਰ ਸੈਂਟੀ ਕਲਿਆਣ, ਕੌਂਸਲਰ ਸ਼ਾਂਤ ਬਹਿਲ, ਜਸਵਿੰਦਰ ਸਿੰਘ ਸ਼ਾਂਤ, ਪੰਡਿਤ ਦਲਜੀਤ ਕੁਮਾਰ, ਮਨਜੀਤ ਸਿੰਘ ਨਰਵਾਲ ਜੋੜਾ, ਅਸ਼ਵਨੀ ਕੁਮਾਰ ਤੇ ਹੋਰ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।



# ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਮੁਹਿੰਮ ਲਈ ਵਿਸ਼ੇਸ਼ ਮਿਲਣੀ 27 ਨੂੰ

**ਜਲੰਧਰ**- ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ (1926-2026) ਵਿਸ਼ੇਸ਼ ਕਰਕੇ ਬੱਬਰ ਅਕਾਲੀ ਲਹਿਰ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਦੇ ਪਿੰਡਾਂ ਦਾ ਵਿਸ਼ਾਲ ਸਹਿਯੋਗ ਅਤੇ ਸੰਗ-ਸਾਥ ਹਾਸਲ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ 27 ਜੂਨ ਸਵੇਰੇ ਠੀਕ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਇਹਨਾਂ ਪਿੰਡਾਂ ਦੇ ਹਰ ਸੰਭਵ ਸਹਿਯੋਗ ਲਈ ਪ੍ਰਤੀਨਿਧ ਮਿਲਣੀ ਰੱਖੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਨਾਲ ਮੀਟਿੰਗ ਦੇ ਮੰਤਵ ਅਤੇ ਤਿਆਰੀ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਮੇਟੀ ਨੂੰ ਉਚੇਚੇ ਤੌਰ 'ਤੇ ਭਰਾਤਰੀ ਜਨਤਕ ਜਮਹੂਰੀ ਸੰਸਥਾਵਾਂ, ਦੇਸ਼ ਭਗਤਾਂ ਦੀ ਇਤਿਹਾਸਕ ਵਿਰਾਸਤ ਨਾਲ ਜੁੜਕੇ ਬਣੀਆਂ ਕਮੇਟੀਆਂ, ਭਰਾਤਰੀ ਸੰਸਥਾਵਾਂ ਅਤੇ ਸਖਸ਼ੀਅਤਾਂ ਉਪਰ ਮਾਣ ਹੈ ਅਸਲ ਵਿੱਚ ਜਿਨ੍ਹਾਂ ਦੇ ਸਰਗਰਮ ਸਹਿਯੋਗ ਅਤੇ ਸੰਪਰਕ ਮੁਹਿੰਮ ਸਦਕਾ 27 ਜੂਨ ਦੀ ਮਿਲਣੀ, ਸ਼ਤਾਬਦੀ ਮੁਹਿੰਮ ਦਾ ਸ਼ਾਨਦਾਰ ਮੁਹਾਂਦਰਾ ਸਿਰਜਣ ਅਤੇ ਨੇਪਰੇ ਚਾੜ੍ਹਨ 'ਚ ਸਫ਼ਲ ਹੋਏਗੀ।ਕਮੇਟੀ ਆਗੂਆਂ ਨੇ ਦੱਸਿਆ ਕਿ 27 ਜੂਨ ਦੀ ਮੀਟਿੰਗ 'ਚ ਵਿਚਾਰ ਵਟਾਂਦਰੇ ਲਈ ਜਨਤਕ ਮੀਟਿੰਗਾਂ, ਮਿਲਣੀਆਂ, ਸੰਪਰਕ ਮੁਹਿੰਮ, ਨੁੱਕੜ ਨਾਟਕ, ਗੀਤ-ਸੰਗੀਤ, ਵਿਚਾਰ-ਚਰਚਾ, ਫੋਟੋ ਕਲਾ, ਚਿਤਰ ਕਲਾ, ਪੁਸਤਕ ਪ੍ਰਦਰਸ਼ਨੀਆਂ ਅਤੇ ਫ਼ਿਲਮ ਸ਼ੋਅ ਆਦਿ ਢੁਕਵੇਂ ਮਾਧਿਅਮਾਂ ਰਾਹੀਂ ਪ੍ਰਭਾਵਸ਼ਾਲੀ ਜਨ ਸੰਪਰਕ ਮੁਹਿੰਮ ਦੀ ਵਿਉਂਤ ਸਿਰਜਣ ਦਾ ਯਤਨ ਕੀਤਾ ਜਾਏਗਾ। ਉਹਨਾਂ ਦੱਸਿਆ ਕਿ ਇਸ ਮੁਹਿੰਮ ਦਾ ਸਿਖ਼ਰ ਹੋਏਗਾ, ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਤ ਪਹਿਲੀ ਨਵੰਬਰ 2026 ਦਾ, ਮੇਲਾ ਗ਼ਦਰੀ ਬਾਬਿਆਂ ਦਾ। ਇਸ ਮੇਲੇ ਵਿੱਚ ਬੱਬਰਾਂ, ਗ਼ਦਰੀ ਦੇਸ਼ ਭਗਤਾਂ ਅਤੇ ਜਾਣ ਬੁੱਝ ਕੇ ਅਣਛੋਹੀ ਰੱਖੀ ਗਈ ਆਜ਼ਾਦੀ ਸੰਗਰਾਮ ਦੀ ਇਨਕਲਾਬੀ ਤਵਾਰੀਖ਼ ਦੇ ਉਦੇਸ਼ਾਂ ਨੂੰ ਉਘਾੜਕੇ ਲੋਕਾਂ ਦੇ ਮਨ ਦੀ ਸਲੇਟ ਉਪਰ ਉਕਰਨ ਲਈ ਢੁਕਵੀਆਂ ਵਿਧੀਆਂ ਰਾਹੀਂ ਹੁਣ ਤੋਂ ਹੀ ਉਚੇਚੇ ਉੱਦਮ ਜੁਟਾਏ ਜਾਣਗੇ। ਕਮੇਟੀ ਆਗੂਆਂ ਕਿਹਾ ਕਿ ਇਹ ਵਡੇਰਾ ਇਤਿਹਾਸਕ ਕਾਰਜ਼, ਲੋਕ-ਜੱਥੇਬੰਦੀਆਂ ਅਤੇ ਇਨਕਲਾਬੀ ਵਿਰਾਸਤ ਨਾਲ ਜੁੜੇ ਹਿੱਸਿਆਂ ਦੀ ਭਰਪੂਰ ਮੱਦਦ ਨਾਲ ਹੀ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕਦਾ ਹੈ।



# ਸ੍ਰੀ ਅਨੰਦਪੁਰ ਸਾਹਿਬ 'ਚ ਖੁੱਲ੍ਹੀ ਨਵੀਂ ਪੀਜ਼ਾ ਫੈਕਟਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼ਹਿਰ ਵਿੱਚ ਖਾਣ-ਪੀਣ ਦੇ ਸ਼ੌਕੀਨਾਂ ਲਈ ਇੱਕ ਹੋਰ ਨਵਾਂ ਕੇਂਦਰ ਸ਼ੁਰੂ ਹੋ ਗਿਆ ਹੈ। ਗੁਰੂ ਨਗਰੀ ਦੇ ਰੌਣਕ ਵਾਲੇ ਇਲਾਕੇ ਜੱਸਲ ਮਾਰਕੀਟ ਵਿੱਚ ਨਵੀਂ ਪੀਜ਼ਾ ਫੈਕਟਰੀ ਖੁੱਲ੍ਹਣ ਨਾਲ ਪੀਜ਼ਾ ਪ੍ਰੇਮੀਆਂ ਵਿੱਚ ਖੁਸ਼ੀ ਦਾ ਮਾਹੌਲ ਹੈ। ਇਸ ਨਵੇਂ ਉਪਰਾਲੇ ਰਾਹੀਂ ਲੋਕਾਂ ਨੂੰ ਵੱਖ-ਵੱਖ ਕਿਸਮਾਂ ਦੇ ਤਾਜ਼ਾ ਅਤੇ ਸੁਆਦਲੇ ਪੀਜ਼ੇ ਇੱਕ ਹੀ ਥਾਂ ਉੱਤੇ ਉਪਲਬਧ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਰਨ ਅਤੇ ਰਾਂਸ਼ੂ ਨੇ ਦੱਸਿਆ ਕਿ ਗਾਹਕਾਂ ਦੀ ਪਸੰਦ ਅਤੇ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਇੱਥੇ ਤਕਰੀਬਨ 10 ਤਰ੍ਹਾਂ ਦੇ ਪੀਜ਼ੇ ਤਿਆਰ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹਰ ਪੀਜ਼ਾ ਉੱਚ ਗੁਣਵੱਤਾ ਵਾਲੀਆਂ ਸਮੱਗਰੀਆਂ ਨਾਲ ਤਿਆਰ ਕੀਤਾ ਜਾਂਦਾ ਹੈ ਤਾਂ ਜੋ ਗਾਹਕਾਂ ਨੂੰ ਵਧੀਆ ਸੁਆਦ ਅਤੇ ਤਾਜ਼ਗੀ ਦਾ ਅਨੁਭਵ ਹੋ ਸਕੇ। ਉਨ੍ਹਾਂ ਦੱਸਿਆ ਕਿ ਪੀਜ਼ੇ ਵੱਖ-ਵੱਖ ਆਕਾਰਾਂ ਵਿੱਚ ਉਪਲਬਧ ਹਨ, ਜਿਸ ਕਾਰਨ ਹਰ ਵਰਗ ਦੇ ਗਾਹਕ ਆਪਣੀ ਲੋੜ ਤੇ ਬਜਟ ਅਨੁਸਾਰ ਚੋਣ ਕਰ ਸਕਦੇ ਹਨ। ਪੀਜ਼ਿਆਂ ਦੀ ਕੀਮਤ 99 ਰੁਪਏ ਤੋਂ ਸ਼ੁਰੂ ਹੁੰਦੀ ਹੈ, ਜਦਕਿ ਸਭ ਤੋਂ ਵੱਡਾ ਵਿਸ਼ੇਸ਼ ਆਕਾਰ ਵਾਲਾ ਪੀਜ਼ਾ 370 ਰੁਪਏ ਵਿੱਚ ਉਪਲਬਧ ਹੈ। ਉਨ੍ਹਾਂ ਕਿਹਾ ਕਿ ਵਾਜਬ ਕੀਮਤਾਂ ਤੇ ਵਧੀਆ ਸੁਆਦ ਕਾਰਨ ਗਾਹਕਾਂ ਵੱਲੋਂ ਪਹਿਲੇ ਹੀ ਦਿਨਾਂ ਵਿੱਚ ਚੰਗਾ ਹੁੰਗਾਰਾ ਮਿਲ ਰਿਹਾ ਹੈ।

# ਕੂੜੇ ਦੇ ਡੰਪ ਨੂੰ ਆਬਾਦੀ ਤੋਂ ਦੂਰ ਕੀਤਾ ਸ਼ਿਫਟ ਕੀਤਾ ਜਾਵੇ : ਧਾਲੀਵਾਲ



**ਫਗਵਾੜਾ (ਨ ਜ ਸ)**- ਸਥਾਨਕ ਪ੍ਰੋਫੈਸਰ ਕਲੋਨੀ ਦੇ ਨਜ਼ਦੀਕ ਵਰਿੰਦਰ ਪਾਰਕ ਦੇ ਬਾਹਰ ਬਣੇ ਕੂੜੇ ਦੇ ਡੰਪ ਤੋਂ ਕਾਰਪੋਰੇਸ਼ਨ ਫਗਵਾੜਾ ਵਲੋਂ ਰੁਟੀਨ 'ਚ ਕੂੜਾ ਨਾ ਚੁੱਕੇ ਜਾਣ ਦੇ ਵਿਰੋਧ ਅਤੇ ਡੰਪ ਨੂੰ ਅਬਾਦੀ ਤੋਂ ਦੂਰ ਲੈ ਜਾਣ ਦੀ ਮੰਗ ਨੂੰ ਲੈ ਕੇ ਖੇਤਰ ਦੇ ਵਸਨੀਕਾਂ ਵਲੋਂ ਲਗਾਏ ਧਰਨੇ ਵਿੱਚ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ (ਰਿਟਾ. ਆਈ ਏ ਐਸ) ਪ੍ਰਧਾਨ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਲੋਕਾਂ ਦੀ ਮੰਗ ਨੂੰ ਖੁੱਲ੍ਹਾ ਸਮਰਥਨ ਦਿੰਦੇ ਹੋਏ ਕਿਹਾ ਕਿ ਇਹ ਕੂੜੇ ਦਾ ਡੰਪ ਮੇਹਲੀ ਗੇਟ, ਪ੍ਰੋਫੈਸਰ ਕਲੋਨੀ ਅਤੇ ਗੁਰੂ ਹਰਕਿਸ਼ਨ ਨਗਰ ਦੇ ਵਸਨੀਕਾਂ ਲਈ ਲੰਮੇ ਸਮੇਂ ਤੋਂ ਵੱਡੀ ਸਮੱਸਿਆ ਬਣਿਆ ਹੋਇਆ ਹੈ। ਹੱਦ ਤਾਂ ਇਹ ਹੈ ਕਿ ਡੰਪ ਦੇ ਬਿਲਕੁਲ ਨਾਲ ਗਊਸ਼ਾਲਾ, ਸ਼ਿਵ ਮੰਦਿਰ ਅਤੇ ਗੁਰਦੁਆਰਾ ਸਾਹਿਬ ਵੀ ਸਥਿਤ ਹਨ। ਵਰਿੰਦਰ ਪਾਰਕ ਵਿੱਚ ਰੋਜ਼ਾਨਾ ਸਵੇਰੇ ਸ਼ਾਮ ਲੋਕ ਖੁਲ੍ਹੀ ਹਵਾ 'ਚ ਸੈਰ ਕਰਨ ਲਈ ਆਉਂਦੇ ਹਨ। ਲੇਕਿਨ ਇਹ ਕੂੜੇ ਦਾ ਡੰਪ ਹਰੇਕ ਆਉਣ ਜਾਣ ਵਾਲੇ ਨਾਗਰਿਕ ਲਈ ਬਿਮਾਰੀ ਦਾ ਘਰ ਬਣਿਆ ਹੋਇਆ ਹੈ।

ਉਹਨਾਂ ਨਗਰ ਨਿਗਮ ਅਤੇ ਸਬੰਧਤ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਲੋਕਾਂ ਦੀ ਜਾਇਜ਼ ਮੰਗ ਨੂੰ ਤੁਰੰਤ ਮੰਨਦੇ ਹੋਏ ਇਸ ਡੰਪ ਨੂੰ ਅਬਾਦੀ ਵਾਲੇ ਖੇਤਰ ਤੋਂ ਦੂਰ ਸ਼ਿਫਟ ਕੀਤਾ ਜਾਵੇ। ਇਸ ਮੌਕੇ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਪ੍ਰਧਾਨ ਨਰੇਸ਼ ਭਾਰਦਵਾਜ ਸਮੇਤ ਹੋਰ ਕਾਂਗਰਸ ਆਗੂ ਅਤੇ ਸ਼ਹਿਰ ਦੇ ਪਤਵੰਤੇ ਵੀ ਉਹਨਾਂ ਦੇ ਨਾਲ ਸਨ।

# ਪਿਯੂਸ਼ ਨੇ ਸੰਭਾਲਿਆ ਬਲਾਕ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਦਾ ਅਹੁਦਾ

**ਫਿਲੌਰ (ਨਿਰਮਲ)** ਬਲਾਕ ਯੂਥ ਕਾਂਗਰਸ ਫਿਲੌਰ ਦੀਆਂ ਹੋਈਆਂ ਚੋਣਾਂ ਵਿਚ ਨੌਜਵਾਨ ਆਗੂ ਪਿਯੂਸ਼ ਨੇ ਲੋਕਤੰਤਰਿਕ ਪ੍ਰਕਿਰਿਆ ਰਾਹੀਂ ਵੋਟਾਂ ਦੇ ਸਮਰਥਨ ਨਾਲ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਬਲਾਕ ਯੂਥ ਕਾਂਗਰਸ ਫਿਲੌਰ ਦੇ ਵਾਈਸ ਪ੍ਰਧਾਨ ਦਾ ਅਹੁਦਾ ਆਪਣੇ ਨਾਂਅ ਕੀਤਾ। ਇਸ ਮੌਕੇ ਨੌਜਵਾਨ ਵਰਕਰਾਂ ਅਤੇ ਸਮਰਥਕਾਂ ਵਿਚ ਖੁਸ਼ੀ ਦੀ ਲਹਿਰ ਪਾਈ ਗਈ।ਪਿਯੂਸ਼ ਨੇ ਆਪਣੀ ਜਿੱਤ ਨੂੰ ਸਮੂਹ ਵੋਟਰਾਂ, ਯੂਥ ਕਾਂਗਰਸ ਦੇ ਸਾਥੀਆਂ ਅਤੇ ਨੌਜਵਾਨ ਵਰਗ ਦੇ ਭਰੋਸੇ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਜਿੱਤ ਮੇਰੀ ਨਿੱਜੀ ਜਿੱਤ ਨਹੀਂ ਸਗੋਂ ਹਰ ਉਸ ਨੌਜਵਾਨ ਦੀ ਜਿੱਤ ਹੈ, ਜਿਸ ਨੇ ਮੇਰੇ 'ਤੇ ਵਿਸ਼ਵਾਸ ਕਰ ਕੇ ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਮੈਂ ਹਮੇਸ਼ਾ ਨੌਜਵਾਨਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਹੱਕਾਂ ਅਤੇ ਮਸਲਿਆਂ ਲਈ ਮਜ਼ਬੂਤੀ ਨਾਲ ਖੜ੍ਹਾ ਰਹਾਂਗਾ। ਪਿਯੂਸ਼ ਨੇ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਬਲਾਕ ਫਿਲੌਰ ਦੇ ਨੌਜਵਾਨਾਂ ਨੂੰ ਇਕੱਠਾ ਕਰ ਕੇ ਉਨ੍ਹਾਂ ਦੀ ਭਲਾਈ ਅਤੇ ਵਿਕਾਸ ਲਈ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਕੰਮ ਕਰਨਗੇ।



# ਸਾਲਾਨਾ ਜੋੜ ਮੇਲਾ ਕਰਵਾਇਆ ਗਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡਲਾ ਵਿਖੇ ਦਰਬਾਰ ਹਜ਼ਰਤ ਪੀਰ ਬਾਬਾ ਖੁਦਾ ਬਖਸ਼ ਜੀ ਹੁਜਰਾ ਸ਼ਰੀਫ਼ ਨੌਸ਼ਾਹੀ ਕਾਦਰੀ ਦੀ ਮਜ਼ਾਰ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਜ਼ਰਤ ਪੀਰ ਬਾਬਾ ਖੁੱਦਾ ਬਖਸ ਜੀ ਨੌਸ਼ਾਹੀ ਕਾਦਰੀ ਜੀ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸਾਈਂ ਗਿਆਨ ਸ਼ਾਹ ਬੱਡਲਾ, ਸਾਈਂ ਵਿੱਕੀ ਸ਼ਾਹ ਬੱਡਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਜੋੜ ਮੇਲੇ ਮੌਕੇ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਪੰਜਾਬ ਦੇ ਨਾਮਵਰ ਕਲਾਕਾਰ ਪ੍ਰਵੇਜ਼ ਆਲਮ ਇੰਟਰਨੈਸ਼ਨਲ ਕਵਾਲ, ਰਾਹਤ ਅਲੀ ਮਤੋਈ, ਕੁਲਵਿੰਦਰ ਕਿੰਦਾ ਇੰਟਰਨੈਸ਼ਨਲ ਸੂਫ਼ੀ, ਦਿਲਦਾਰ ਖਾਨ, ਅਸ਼ਵਨੀ ਕਵਾਲ ਸੂਫ਼ੀ, ਪਿੰਕੀ ਨਕਾਲ ਪਾਰਟੀ ਪੀਰਾਂ ਦੀ ਮਹਿਫਲ ਸਜਾਈ ਗਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਸਾਈਂ ਰਾਜੂ ਸ਼ਾਹ ਬੱਡਲਾ, ਪ੍ਰੋਫੈਸਰ ਸਾਈਂ ਨਾਰੇਸ਼ ਕੁਮਾਰ ਬੱਡਲਾ, ਸਾਈਂ ਨਰਿੰਦਰ ਪਾਲ ਭਲੇਠੂ ਰਾਜਪੁਰ ਭਾਈਆਂ, ਸਾਈਂ ਸਲਾਮ ਸ਼ਾਹ ਬੱਡਲਾ ਤੋਂ ਇਲਾਵਾ ਹੋਰ ਫੱਕਰ ਫ਼ਕੀਰਾ ਨੇ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਸਲਾਨਾ ਜੋੜ ਮੇਲੇ ਮੌਕੇ ਮੁੱਖ ਮਹਿਮਾਨ ਡਾਕਟਰ ਇਸ਼ਾਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਵਿਸ਼ੇਸ਼ ਤੌਰ ਤੇ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਫੱਕਰ ਫ਼ਕੀਰ, ਮੁੱਖ ਮਹਿਮਾਨ, ਕਲਾਕਾਰ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੁੱਖ ਸੇਵਾਦਾਰ ਗਿਆਨ ਚੰਦ ਫੌਜੀ, ਡਾਕਟਰ ਰੋਸ਼ਨ ਬੱਡਲਾ, ਸਰਪੰਚ ਕਮਲੇਸ਼ ਰਾਣੀ, ਡਾਕਟਰ ਗੌਰਵ ਕੁਮਾਰ ਬੱਡਲਾ, ਨੰਬਰਦਾਰ ਦੇਸ ਰਾਜ, ਦਲਵਿੰਦਰ ਪੰਚ, ਬਲਜਿੰਦਰ ਪੰਚ, ਹਰਜਿੰਦਰ ਸਿੰਘ, ਟੀਟੂ ਪੰਚ ਹਾਰਟਾ, ਥਾਣੇਦਾਰ ਸੋਢੀ ਰਾਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਲਾਨਾ ਜੋੜ ਮੇਲੇ ਮੌਕੇ ਛਬੀਲ, ਚਾਹ ਪਕੌੜੇ ਅਤੇ ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਪ੍ਰੋਗਰਾਮ ਦੀ ਜਾਣਕਾਰੀ ਡਾਕਟਰ ਗੌਰਵ ਕੁਮਾਰ ਬੱਡਲਾ ਨੇ ਪ੍ਰੈਸ ਨੂੰ ਦਿੱਤੀ।



# ਪੀਰਾਂ ਦਾ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)**- ਦਰਬਾਰ ਪੀਰ ਬਾਬਾ ਸੈਮਤਿੱਲੋ ਜੀ ਪਿੰਡ ਖਜੂਰਲਾ ਵਿਖੇ ਸਾਲਾਨਾ ਮੇਲਾ ਬਾਬਾ ਬਿੱਲੇ ਸ਼ਾਹ ਕਾਦਰੀ ਦੀ ਯਾਦ ਨੂੰ ਸਮਰਪਿਤ, ਸਾਈਂ ਲਖਵੀਰ ਸ਼ਾਹ ਕਾਦਰੀ ਗੱਦੀ ਨਸ਼ੀਨ ਪੀਰ ਬਾਬਾ ਲੱਖ ਦਾਤਾ ਜੀ ਦਰਬਾਰ ਕਟਾਰੀਆ ਅਤੇ ਮੁੱਖ ਸੇਵਾਦਾਰ ਬਾਬਾ ਬਾਬੂ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਦੀ ਰਸਮ,ਚਾਦਰ ਦੀ ਰਸਮ, ਚਿਰਾਗਾਂ ਦੀ ਰਸਮ ਅਦਾ ਕਰਨ ਉਪਰੰਤ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਮੇਲੇ ਦੇ ਦੂਸਰੇ ਦਿਨ ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਨਾਮਵਰ ਕਲਾਕਾਰਾਂ ਕੁਲਵੰਤ ਕਲੇਰ, ਸੱਤੀ ਖੋਖੇਵਾਲੀਆ, ਕੇ ਕੇ ਸਿੰਘ, ਲਸ਼ਕਰ ਸਰਗੁੰਦੀ, ਮਹਿੰਦਰ ਮਾਧੋਪੁਰੀ-ਬੀਬਾ ਕਵਲਜੀਤ ਕਮਲ ਆਦਿ ਕਲਾਕਾਰਾਂ ਨੇ ਸੰਗਤਾਂ ਨੂੰ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਨਿਹਾਲ ਕੀਤਾ। ਮੁੱਖ ਸੇਵਾਦਾਰ ਬਾਬਾ ਬਾਬੂ ਸ਼ਾਹ ਕਾਦਰੀ ਵਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ।ਦਰਬਾਰ ਦੇ ਇਤਿਹਾਸ ਵਾਰੇ ਚਾਨਣਾ ਪਾਇਆ। ਉਹਨਾਂ ਸੰਤ ਮਹਾਂਪੁਰਸ਼ਾਂ, ਕਲਾਕਾਰਾਂ ਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ। ਦਰਬਾਰ ਤੇ ਠੰਡਾ ਮਿੱਠਾ ਜਲ ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ।

# ਸਿਹਤ ਵਿਭਾਗ ਨੇ ਪੀਣ ਵਾਲੇ ਪਾਣੀ ਦੇ ਸੈਂਪਲ ਲਏ



**ਬਲਾਚੌਰ /ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਪੀ ਐਚ ਸੀ ਸੜੋਆ ਦੀ ਯੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਪਿੰਡ ਰੱਕੜਾਂ ਢਾਹਾਂ ਵਿਖੇ ਪੀਣ ਵਾਲੇ ਪਾਣੀ ਦੇ ਸੈਂਪਲ ਲਏ ਅਤੇ ਲੋਕਾਂ ਨੂੰ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰਮੀ ਅਤੇ ਬਰਸਾਤਾਂ ਦੇ ਮੌਸਮ ਵਿੱਚ ਟੱਟੀਆਂ ਉਲਟੀਆਂ ਪੇਚਸ ਅਤੇ ਪੀਲੀਏ ,ਵਰਗੀਆ ਬਿਮਾਰੀਆਂ ਫੈਲਣ ਦਾ ਖਤਰਾ ਰਹਿੰਦਾ ਹੈ। ਇਸ ਲਈ ਸਾਨੂੰ ਪੀਣ ਵਾਲਾ ਪਾਣੀ ਹਮੇਸ਼ਾ ਸਾਫ ਸੋਮਿਆਂ ਤੋਂ ਲੈਣਾ ਚਾਹੀਦਾ ਹੈ ਪਾਣੀ ਨੂੰ ਉਬਾਲ ਕੇ ਠੰਡਾ ਕਰਕੇ ਪੀਣਾ ਚਾਹੀਦਾ ਹੈ। ਪੀਣ ਦਾ ਪਾਣੀ ਸਾਫ ਭਾਂਡੇ ਵਿੱਚ ਢੱਕ ਕੇ ਰੱਖੋ ਅਤੇ ਪਾਣੀ ਦੇ ਭਾਂਡੇ ਵਿੱਚ ਹੱਥ ਨਾ ਪਾਓ। ਇਸ ਦੇ ਨਾਲ ਹੀ ਨੈਸ਼ਨਲ ਵੈਕਟਰ ਬੋਰਨ ਡਿਜੀਜ ਕੰਟਰੋਲ ਪ੍ਰੋਗਰਾਮ ਤਹਿਤ ਡੇਂਗੂ, ਮਲੇਰੀਆ ਅਤੇ ਚਿੰਕਨਗੁਨੀਆ ਦੇ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ।

# ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਦੇ ਨਾਂਅ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

**ਸ਼ਾਹਕੋਟ (ਗਿਆਨ ਸੈਦਪੁਰੀ)** ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਦੇਸ਼ ਪੱਧਰੀ ਸੱਦੇ 'ਤੇ ਮੰਗਲਵਾਰ ਨੂੰ ਯੂਨੀਅਨ ਦੇ ਕਾਰਕੁਨਾਂ ਨੇ ਸਥਾਨਕ ਐੱਸ ਡੀ ਐੱਮ ਦਫ਼ਤਰ ਅੱਗੇ ਪ੍ਰਦਰਸ਼ਨ ਕਰਦਿਆਂ ਮੰਗ ਕੀਤੀ ਕਿ ਵੀ. ਬੀ. ਜੀ ਰਾਮ ਜੀ ਰੱਦ ਕਰਕੇ ਮਨਰੇਗਾ ਕਾਨੂੰਨ ਲਾਗੂ ਕੀਤੀ ਜਾਵੇ। ਵਰਕਰਾਂ ਨੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ। ਪ੍ਰਦਰਸ਼ਨ ਤੋਂ ਬਾਅਦ ਪੰਜਾਬ ਖੇਤ ਮਜ਼ਦੂਰ ਸਭਾ (ਸਬੰਧਤ ਬੀ.ਕੇ. ਐਮ. ਯੂ) ਦਾ ਇੱਕ ਵਫ਼ਦ ਮੰਗ ਪੱਤਰ ਦੇਣ ਲਈ ਐੱਸ ਡੀ ਐੱਮ ਦਫਤਰ ਸ਼ਾਹਕੋਟ ਪਹੁੰਚਿਆ। ਐਸ ਡੀ ਐਮ ਦੀ ਗੈਰ ਮੌਜੂਦਗੀ ਵਿੱਚ ਜਸਪਾਲ ਸਿੰਘ ਬਾਜਵਾ ਤਹਿਸੀਲਦਾਰ ਸ਼ਾਹਕੋਟ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ। ਸਭਾ ਦੇ ਆਗੂਆਂ ਨੇ ਕਿਹਾ ਕਿ ਮਨਰੇਗਾ ਕਾਨੂੰਨ ਮਜ਼ਦੂਰਾਂ ਨੂੰ ਮੰਗ ਮੰਗਣ ਦਾ ਅਧਿਕਾਰ ਦਿੰਦਾ ਹੈ। ਵੀ. ਬੀ.ਜੀ ਰਾਮ.ਜੀ ਲਾਗੂ ਹੋਣ ਨਾਲ ਜਿੱਥੇ ਮਜ਼ਦੂਰਾਂ ਦਾ ਕੰਮ ਮੰਗਣ ਦਾ ਹੱਕ ਖ਼ਤਮ ਹੋ ਜਾਵੇਗਾ, ਉੱਥੇ ਗ੍ਰਾਮ ਸਭਾ ਦੀ ਭੂਮਿਕਾ ਖਤਮ ਹੋ ਜਾਵੇਗੀ। ਪ੍ਰਧਾਨ ਮੰਤਰੀ ਦੇ ਨਾਂਅ ਲਿਖੇ ਗਏ ਮੰਗ ਪੱਤਰ ਵਿੱਚ ਮਨਰੇਗਾ ਨੂੰ ਬਹਾਲ ਕਰਨ, ਸਾਲ ਵਿੱਚ 200 ਦਿਨ ਕੰਮ ਦੇਣ ਅਤੇ ਦਿਹਾੜੀ 700 ਰੁਪਏ ਦੇਣ ਦੀ ਮੰਗ ਕੀਤੀ ਗਈ ਹੈ। ਮੰਗ ਪੱਤਰ ਵਿੱਚ ਮਜ਼ਦੂਰ ਵਰਗ ਨਾਲ ਸਬੰਧਤ ਹੋਰ ਮੰਗਾਂ ਵੀ ਸ਼ਾਮਲ ਹਨ। ਇਸ ਮੌਕੇ ਖੇਤ ਮਜ਼ਦੂਰ ਸਭਾ ਦੇ ਸੂਬਾ ਪ੍ਰੈੱਸ ਸਕੱਤਰ ਤੋਂ ਇਲਾਵਾ ਸੁਨੀਲ ਕੁਮਾਰ ਤੇ ਸਿਕੰਦਰ ਸੰਧੂ ਜ਼ਿਲ੍ਹਾ ਆਗੂ ਜਲੰਧਰ ਤੇ ਭਜਨ ਸਿੰਘ ਭੋਏਪੁਰੀ ਆਦਿ ਮੌਜੂਦ ਸਨ।



# ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਦਾ ਸਮਰ ਕੈਂਪ ਸਮਾਪਤ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਮੋਹਾਲੀ ਵੱਲੋਂ ਸ਼ਹੀਦ ਭਗਤ ਸਿੰਘ ਨੇਚਰ ਪਾਰਕ, ਮੋਹਾਲੀ ਵਿਖੇ ਆਯੋਜਿਤ 12ਵੇਂ ਸਮਰ ਕੈਂਪ ਦਾ ਸ਼ਾਨਦਾਰ ਸਮਾਪਤੀ ਸਮਾਰੋਹ ਕਰਵਾਇਆ ਗਿਆ।ਇਹ ਕੈਂਪ ਸਵਰਨ ਸਿੰਘ (ਸੀਨੀਅਰ ਕੋਚ), ਮਲਕੀਤ ਸਿੰਘ (ਪ੍ਰਧਾਨ, ਅਥਲੈਟਿਕਸ ਐਸੋਸੀਏਸ਼ਨ ਮੋਹਾਲੀ), ਗੁਰਿੰਦਰ ਸਿੰਘ ਢੇਸੀ (ਕੋਚ), ਡਾ. ਹਰਿੰਦਰਜੀਤ ਸਿੰਘ, ਹਰਕੰਵਲ ਸਿੰਘ (ਕੋਚ, ਸਪੋਰਟਸ ਅਥਾਰਟੀ ਆਫ਼ ਇੰਡੀਆ) ਅਤੇ ਮਨਦੀਪ ਕੌਰ (ਕੋਚ) ਦੀ ਦੇਖ-ਰੇਖ ਹੇਠ ਲਗਾਇਆ ਗਿਆ। ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਮੋਹਾਲੀ ਮਿਊਂਸੀਪਲ ਕਾਰਪੋਰੇਸ਼ਨ ਦੇ ਨਵ-ਨਿਯੁਕਤ ਮੇਅਰ ਸਰਬਜੀਤ ਸਿੰਘ ਨੇ ਸ਼ਿਰਕਤ ਕੀਤੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਬੱਚਿਆਂ ਨੂੰ ਖੇਡਾਂ ਨਾਲ ਜੁੜਨ, ਨਸ਼ਿਆਂ ਤੋਂ ਦੂਰ ਰਹਿਣ, ਮਾਪਿਆਂ ਦਾ ਸਤਿਕਾਰ ਕਰਨ ਅਤੇ ਪੰਜਾਬ ਦਾ ਨਾਮ ਵਿਸ਼ਵ ਪੱਧਰ 'ਤੇ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕੈਂਪ ਦੌਰਾਨ 90 ਫੀਸਦੀ ਤੋਂ ਵੱਧ ਹਾਜ਼ਰੀ ਲਗਾਉਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।


LOVELY PROFESSIONAL UNIVERSITY
Transforming Education Transforming India

NAAC GRADE A++

INVITING PEOPLE FROM
ACADEMIA AND INDUSTRY
for the Positions of

**Deans/Additional Deans/Associate Deans in the following Disciplines**

- Engineering
- Research & Development
- Computer Science & Engg.
- Computer Applications
- Electronics & Electrical Engg.
- Mechanical Engineering
- Agriculture
- Food Tech. & Nutrition Dietetics
- Bioengineering & Biosciences
- Civil Engineering
- Physical Sciences
- Management
- Architecture
- Interior Design
- Product Design
- Law
- Education
- ITEP
- ISITEP
- Physical Education
- Social Sciences & Languages
- Journalism
- Film, Theatre & Music
- Fashion Design
- Hotel Management
- Tourism & Airlines
- Design (Multimedia)
- Fine Arts
- Pharmaceutical Sciences
- Physiotherapy
- Medical Laboratory Sciences

**Professors/Associate Professors/Assistant Professors in the following Disciplines**

- Computer Science & Engineering
- AI and ML/ Data Science/ Data Engineering
- Cyber Security/ DevOps/ Programming
- Computer Applications & IT
- Electronics & Electrical Engineering
- Robotics and Automation/ VLSI
- Embedded System/ Electric Vehicle
- Mechanical Engg./ Aerospace Engg.
- Automobile Engg./ Mechatronics Engg.
- Civil Engineering/ Chemical Engineering
- Biotechnology/ Microbiology
- Bioinformatics/ Biomedical/ Biochemistry
- Forensic Science/ Botany/Zoology
- Physics/ Chemistry/ Maths/ Statistics
- Agriculture/ Food Technology/ Animal Husbandry
- Nutrition and Dietetics/ Live Stock/ Animal Sci.
- Pharmaceutical Sciences/Ayurvedic Pharmacy
- Physiotherapy/Medical Lab. Sciences
- Anatomy/ Physiology
- Anaesthesia and Operation Theatre
- Optometry/ Radiology/ Cardiovascular
- Histology and Cytopathology/ Dialysis
- Respiratory Technology
- Embryology/Clinical Biochemistry/Optometry
- Pathology/ Haematology/ Histopathology
- Psychology/ Clinical Psychology
- Law/ Public Administration
- Library Sciences
- Business Analytics/ Digital Marketing
- Marketing/ Finance/ Fintech/ Statistics
- HR/ Operations/ Economics
- Agri Business Management/ Commerce
- Banking & Insurance/ HR Analytics
- International Business/Strategy
- E-Commerce/Entrepreneurship
- Marketing Analytics
- Hospital & Health Care Management
- Hotel Management/ Tourism & Airlines
- Film & TV Production
- Journalism & Mass Communication
- Multimedia & Animation
- Gaming, Graphics and UI/ UX
- Fashion Design/Fashion Technology
- Architecture/ Urban Planning/ Design
- Interior & Furniture Design
- Interaction Design(UI/UX)
- Product & Industrial Design
- Fine Arts/ Performing Arts
- Education/ ITEP/ ISITEP (MD)
- English/ Hindi/Punjabi/ Sociology
- Geography/ History/ Political Science
- Physical Education/ Yoga
- **Trainers** - Communication Skills/ Soft Skills/ Analytical Skills
- **Foreign Languages** - German/ French/ Spanish/ Chinese/Japanese

**WE OFFER STRONG SUPPORT AND FACILITATION FOR RESEARCH**

- Incentives for research papers indexed in Scopus/WoS
- Travel Grants for National and International conferences
- Seed money for initiation of research work
- Incentives and matching funds for research grants received from Govt. Organizations
- Revenue sharing on Consultancy Projects
- Support for IPR filing and Commercialization
- Incentives for Patent Grant
- Multi-disciplinary Project Grants
- Short and Long Term International Fellowship
- Provision for Post Doc Fellowships
- Research appreciation awards

**Directors/Deputy Directors/Assistant Directors/Officers in the following Areas**

- Distance and Online Education
- Admissions
- Professional Enhancement
- Placements
- Industry Interface
- Social Media
- Digital Marketing
- Media and Public Relations
- Brand Development
- Advertising
- Content Development
- Marketing
- Influencer Marketing
- Alumni Relations
- International Affairs
- Study Abroad
- Planning
- Governance
- Chartered Accountant
- Company Secretary
- Software Development (React, .Net Core, .Net, mvc)
- Mobile Application Developers
- Website
- IT Infrastructure
- Information Technology (IT)
- Human Resource
- Talent Acquisition
- Performance Management
- Rankings & Accreditation
- HR Training
- Library
- Legal
- Legislative Affairs
- Legal Compliances
- Finance & Budgeting
- Administration
- IPR/ Consultancy
- Sponsored Research
- Central Instrumentation Faculty (CIF)
- Youth Affairs
- Arts & Culture
- Sports
- Innovation
- Entrepreneurship
- Construction
- Architecture
- Electrical/ Maintenance
- Housekeeping
- Hospitality
- Resident Medical Officer
- Horticulture & Landscaping
- Procurement
- Hostels (Boys/Girls)
- Fire Officers
- Security & Safety

**Technical Staff-Lab Technicians, Workshop Instructors, Workshop Superintendents etc. in the following disciplines**

- Computer Science /IT
- Mechanical Engineering
- Electronic & Electrical Engineering
- Civil Engineering
- Agriculture
- Bioengineering & Biosciences
- Sciences
- Fashion
- Architecture
- Fine Arts
- Hotel Management
- Pharmacy
- Physiotherapy
- Medical Lab Sciences
- Physics/ Chemistry

**Other Positions**

- Administrators
- Deputy/Assistant Registrars
- Administrative Officers
- Accountants
- PA/PS
- Law Officers
- Chef/ Steward/Kitchen Helper
- Office Assistants
- Computer Operators
- Clinical Psychologists
- Nursing Staff
- Store Officers
- Transport Officers
- Admission Counselors
- Stenos
- Civil Engineers
- SPP -Technicians/ Engineers/ Supervisors
- Land Surveyors
- Structural Engineers
- Architects
- Graphic Designers
- Interior Designers
- House Keeping Supervisors
- Network/ Wi-fi/ Server Support Engg.
- Purchase Officers
- Inventory Officers
- Hostel Wardens (Boys/Girls)
- Coaches for Sports (Olympic Games)
- Cultural Instructors
- Asstt. NCC Officers
- NSS Coordinators
- Library Staff
- Photographers/ Videographers
- Security Supervisors
- Mess Supervisors

**Supporting Staff**

- Peons
- Drivers
- Security Guards (Male/ Female)
- House Keeping Staff (Male/Female)
- Welders
- Plumbers
- Carpenters
- Electricians
- Sewermans
- Masons
- Mason Helpers
- Helpers
- Flex Workers
- Markers
- Fabricators
- Electronics Repair Technicians
- AC Technicians
- Water Cooler Technicians
- Water Filter Technicians
- RO Plant Technicians

Special consideration for researchers with funded projects

**People from industry (in Job or Retired) may also apply for Full Time, Part Time or Visiting Faculty positions.**
Candidates with Ph.D. will be given preference

Facilities Available - Residential, Medical, Transport, Pre-Primary School and Creche

The University reserves the right to not fill any of the above post(s).

Candidates should apply online at www.lpu.in/jobs

Call us at: 01824-520200
(Monday to Saturday) | 9 AM to 5 PM

Jalandhar-Delhi G.T.Road, Phagwara (Punjab)-144411
For more details, visit our website: www.lpu.in

Scan to Apply